
TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਮੰਗਲਵਾਰ, 22 ਜੁਲਾਈ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 ਸਾਲ : 16 ਅੰਕ: 338 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਸੀਬੀਐੱਸਈ ਵੱਲੋਂ ਸਕੂਲਾਂ ਵਿਚ ਸੀਸੀਟੀਵੀ ਕੈਮਰੇ ਲਾਉਣੇ ਲਾਜ਼ਮੀ ਕਰਾਰ

### ਬੋਰਡ ਨੇ ਐਫੀਲੀਏਸ਼ਨ ਨੇਮਾਂ ਵਿਚ ਸੋਧ ਕੀਤੀ

ਨਵੀਂ ਦਿੱਲੀ (ਲੋਕ ਬਾਣੀ) ਬੋਰਡ ਨੇ ਐਫੀਲੀਏਸ਼ਨ ਨੇਮਾਂ ਵਿਚ ਸੋਧ ਕੀਤੀ; ਰੀਅਲ ਟਾਈਮ ਆਡੀਓ ਵਿਜ਼ੂਅਲ ਰਿਕਾਰਡਿੰਗਜ਼ ਨਾਲ ਲੈਸ ਹੋਣਗੇ ਕੈਮਰੇ ਸੀਬੀਐੱਸਈ ਨੇ ਐਫੀਲੀਏਸ਼ਨ ਨੇਮਾਂ ਵਿਚ ਸੋਧ ਕਰਦਿਆਂ ਸਕੂਲਾਂ ਵਿਚ ਪਖਾਨਿਆਂ ਨੂੰ ਛੱਡ ਕੇ ਹੋਰਨਾਂ ਸਾਰੀਆਂ ਥਾਵਾਂ 'ਤੇ ਰੀਅਲ ਟਾਈਮ ਆਡੀਓ-ਵਿਜ਼ੂਅਲ ਰਿਕਾਰਡਿੰਗ ਨਾਲ ਲੈਸ ਸੀਸੀਟੀਵੀ ਕੈਮਰੇ ਲਾਉਣੇ ਲਾਜ਼ਮੀ ਕਰ ਦਿੱਤੇ ਹਨ। ਸੀਬੀਐੱਸਈ ਦੇ ਸਕੱਤਰ ਹਿਮਾਂਸ਼ੂ ਗੁਪਤਾ ਨੇ ਕਿਹਾ, "ਵਿਦਿਆਰਥੀਆਂ ਦੀ ਸੁਰੱਖਿਆ ਇੱਕ ਸਕੂਲ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਵਿੱਚੋਂ ਇੱਕ ਹੈ। ਵਿਦਿਆਰਥੀਆਂ ਲਈ ਸਕੂਲ ਵਿੱਚ ਸੁਰੱਖਿਅਤ ਅਤੇ ਇਕਸੁਰ ਈਕੋ-ਸਿਸਟਮ ਯਕੀਨੀ ਬਣਾਉਣਾ ਵੀ ਸਕੂਲ ਦਾ ਹੀ ਫ਼ਰਜ਼ ਹੈ। ਸੁਰੱਖਿਆ ਦੇ ਦੋ ਪਹਿਲੂ ਹਨ- (ੲ) ਗੈਰ-ਸਮਾਜਿਕ ਤੱਤਾਂ ਤੋਂ ਸੁਰੱਖਿਆ (☆) ਧੱਕੇਸ਼ਾਹੀ ਅਤੇ ਹੋਰ ਅਪ੍ਰਤੱਖ



ਖਤਰਿਆਂ ਦੇ ਹਵਾਲੇ ਨਾਲ ਬੱਚਿਆਂ ਦੀ ਸਮੁੱਚੀ ਭਲਾਈ ਲਈ ਸੁਰੱਖਿਆ। ਅਜਿਹੀਆਂ ਸਾਰੀਆਂ ਸੰਭਾਵਨਾਵਾਂ ਨੂੰ ਇੱਕ ਚੌਕਸ ਅਤੇ ਸੰਵੇਦਨਸ਼ੀਲ ਸਟਾਫ ਅਤੇ ਨਵੀਨਤਮ ਤਕਨਾਲੋਜੀ ਦੀ ਵਰਤੋਂ ਨਾਲ ਰੋਕਿਆ ਜਾ ਸਕਦਾ ਹੈ।" ਗੁਪਤਾ ਨੇ ਕਿਹਾ ਕਿ ਸਕੂਲਾਂ ਵਿਚ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ (ਸੀਬੀਐੱਸਈ) ਬੋਰਡ ਨੇ ਐਫੀਲੀਏਸ਼ਨ ਬਾਈ ਲਾਅਜ਼-2018 ਦੇ ਚੈਪਟਰ 4 (ਭੌਤਿਕ ਬੁਨਿਆਦੀ ਢਾਂਚਾ) ਵਿੱਚ ਸੋਧ ਕਰਕੇ ਸੀਸੀਟੀਵੀ ਲਾਉਣ ਬਾਰੇ ਇੱਕ ਧਾਰਾ ਸ਼ਾਮਲ ਕੀਤੀ ਹੈ। ਉਨ੍ਹਾਂ ਕਿਹਾ, "ਸਕੂਲ ਨੂੰ ਸਾਰੇ ਪ੍ਰਵੇਸ਼ ਅਤੇ ਨਿਕਾਸ ਸਥਾਨਾਂ, ਲਾਬੀਆਂ, ਗਲਿਆਰਿਆਂ, ਪੌੜੀਆਂ, ਸਾਰੇ ਕਲਾਸਰੂਮਾਂ, ਪ੍ਰਯੋਗਸ਼ਾਲਾਵਾਂ, ਲਾਇਬਰੇਰੀ, ਕੰਟੀਨ ਖੇਤਰ, ਸਟੋਰ ਰੂਮ, ਖੇਡ ਮੈਦਾਨ ਅਤੇ ਟਾਇਲਟ ਅਤੇ ਵਾਸ਼ਰੂਮਾਂ ਨੂੰ ਛੱਡ ਕੇ ਹੋਰ ਆਮ ਖੇਤਰਾਂ ਵਿੱਚ ਆਡੀਓ ਵਿਜ਼ੂਅਲ ਸਹੂਲਤ ਵਾਲੇ ਉੱਚ ਰੈਜ਼ੋਲਿਊਸ਼ਨ ਵਾਲੇ ਸੀਸੀਟੀਵੀ ਕੈਮਰੇ ਲਗਾਉਣੇ ਚਾਹੀਦੇ ਹਨ, ਜਿਨ੍ਹਾਂ ਵਿੱਚ ਰੀਅਲ ਟਾਈਮ ਆਡੀਓ ਵਿਜ਼ੂਅਲ ਰਿਕਾਰਡਿੰਗ ਹੋਵੇ।"

## ਏਅਰ ਫੋਰਸ ਦਾ ਸਿਖਲਾਈ ਜਹਾਜ਼ ਸਕੂਲ ਦੀ ਇਮਾਰਤ ਨਾਲ ਟਕਰਾਇਆ; 20 ਮੌਤਾਂ, ਦਰਜਨਾਂ ਜ਼ਖਮੀ

### 19 ਲਾਸ਼ਾਂ ਬਰਾਮਦ ਕੀਤੀਆਂ, ਬਚਾਅ ਕਾਰਜ ਹਾਲੇ ਵੀ ਜਾਰੀ

ਢਾਕਾ (ਲੋਕ ਬਾਣੀ)-ਬੰਗਲਾਦੇਸ਼ ਏਅਰ ਫੋਰਸ ਦਾ ਇੱਕ ਸਿਖਲਾਈ ਜਹਾਜ਼ ਸੋਮਵਾਰ ਨੂੰ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਢਾਕਾ ਵਿੱਚ ਇੱਕ ਸਕੂਲ ਦੀ ਇਮਾਰਤ ਨਾਲ ਟਕਰਾ ਗਿਆ, ਜਿਸ ਕਾਰਨ ਘੱਟੋ-ਘੱਟ 20 ਵਿਅਕਤੀਆਂ (ਜ਼ਿਆਦਾਤਰ ਬੱਚੇ) ਦੀ ਮੌਤ ਹੋ ਗਈ ਅਤੇ ਦਰਜਨਾਂ ਜ਼ਖਮੀ ਹੋ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਚੀਨੀ ਬਣਤਰ ਦਾ 6-7 279 ਸਿਖਲਾਈ ਜਹਾਜ਼ ਢਾਕਾ ਦੇ ਉੱਤਰਾ ਖੇਤਰ ਵਿੱਚ ਮਾਈਲਸਟੋਨ ਸਕੂਲ ਅਤੇ ਕਾਲਜ ਕੈਂਪਸ ਵਿੱਚ ਡਿੱਗ ਗਿਆ। ਫਾਇਰ ਸਰਵਿਸ ਅਤੇ ਸਿਵਲ ਡਿਫੈਂਸ ਦੇ ਡਾਇਰੈਕਟਰ ਜਨਰਲ ਬ੍ਰਿਗੇਡੀਅਰ ਜਨਰਲ ਜ਼ਾਹੇਦ ਕਮਲ ਨੇ ਪੱਤਰਕਾਰਾਂ ਨੂੰ ਦੱਸਿਆ, "ਕਰੈਸ਼ ਅਤੇ ਉਸ ਤੋਂ ਬਾਅਦ ਲੱਗੀ ਅੱਗ ਵਿੱਚ 20 ਲੋਕ ਮਾਰੇ ਗਏ। ਘੱਟੋ-ਘੱਟ 50 ਹੋਰ ਗੰਭੀਰ ਰੂਪ ਵਿੱਚ ਜ਼ਖਮੀ ਹੋਏ।" ਉਨ੍ਹਾਂ ਕਿਹਾ ਕਿ ਬਚਾਅ ਕਰਮਚਾਰੀਆਂ ਨੇ ਇਕੱਲੇ ਸਕੂਲ ਕੰਪਾਊਂਡ ਵਿੱਚੋਂ 19 ਲਾਸ਼ਾਂ ਬਰਾਮਦ ਕੀਤੀਆਂ ਹਨ ਜਦੋਂ ਕਿ ਬਚਾਅ ਕਾਰਜ ਹਾਲੇ ਵੀ ਜਾਰੀ ਹੈ। ਇਸ ਤੋਂ ਪਹਿਲਾਂ ਸਿਹਤ ਮੰਤਰਾਲੇ ਦੇ ਵਿਸ਼ੇਸ਼ ਸਹਾਇਕ ਮੁਹੰਮਦ ਸਈਦੁਰ ਰਹਿਮਾਨ ਨੇ ਦੱਸਿਆ ਕਿ ਮਾਈਲਸਟੋਨ ਸਕੂਲ ਅਤੇ ਕਾਲਜ



ਕੈਂਪਸ ਵਿੱਚ ਜਹਾਜ਼ ਦੇ ਕਰੈਸ਼ ਹੋਣ ਤੋਂ ਬਾਅਦ ਘੱਟੋ-ਘੱਟ 16 ਲੋਕਾਂ ਦੀ ਮੌਤ ਹੋ ਗਈ। ਰਹਿਮਾਨ ਨੇ ਕਿਹਾ ਕਿ 72 ਲੋਕਾਂ ਨੂੰ ਸੜਨ ਅਤੇ ਹੋਰ ਕਿਸਮ ਦੀਆਂ ਸੱਟਾਂ ਨਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।


## 189 ਕਰੋੜ ਰੁਪਏ ਦੀ ਕਸਟਮ ਡਿਊਟੀ ਚੋਰੀ ਕੇਸ ਦਾ ਮਾਸਟਰਮਾਈਂਡ ਗ੍ਰਿਫ਼ਤਾਰ

ਲੁਧਿਆਣਾ (ਲੋਕ ਬਾਣੀ)- ਰੈਵੇਨਿਊ ਇੰਟੈਲੀਜੈਂਸ ਦੇ ਡਾਇਰੈਕਟੋਰੇਟ ਦੀ ਜ਼ੋਨਲ ਯੂਨਿਟ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ 189 ਕਰੋੜ ਰੁਪਏ ਦੀ ਕਸਟਮ ਡਿਊਟੀ ਚੋਰੀ ਕਰਨ ਦੇ ਕੇਸ ਵਿੱਚ ਮਾਸਟਰਮਾਈਂਡ ਹੈ। ਇਹ ਸਾਰੀ ਧੋਖਾਧੜੀ ਦਰਾਮਦ ਕੀਤੇ ਸਾਮਾਨ 'ਤੇ ਲੱਗਦੇ ਟੈਕਸ ਤੋਂ ਬਚਣ ਲਈ ਕੀਤੀ ਗਈ ਸੀ। ਇਹ ਵੀ ਦੱਸਿਆ ਗਿਆ ਕਿ ਕੁੱਲ 189 ਕਰੋੜ ਰੁਪਏ ਦੀ ਕਸਟਮ ਡਿਊਟੀ ਚੋਰੀ ਕੀਤੀ ਗਈ। ਬਰਾਮਦ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਮੁਲਜ਼ਮ ਨੇ ਡਮੀ ਮਾਲਕਾਂ ਦੀ ਮਲਕੀਅਤ ਵਾਲੀਆਂ ਫਰਮਾਂ ਦੀ ਵਰਤੋਂ ਕਰਕੇ ਡਿਊਟੀ- ਫ ?ਰੀ ਦਰਾਮਦ ਕੀਤੇ ਸਾਮਾਨ ਤੋਂ ਇਲਾਵਾ ਕੁਝ ਬਾਹਰੀ ਸਮੱਗਰੀ ਤੋਂ ਬਣੇ ਨਕਲੀ ਸਾਮਾਨ ਨੂੰ ਬਰਾਮਦ ਕਰਨ ਦੀ ਕੋਸ਼ਿਸ਼ ਕੀਤੀ। ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਡੀਆਰਆਈ ਵੱਲੋਂ ਅੱਗੇ ਪੁੱਛਗਿੱਛ ਜਾਰੀ ਹੈ।

## ਥਾਰ ਵਾਲੀ ਬੀਬੀ ਨੂੰ ਝਟਕਾ ! ਹਾਈ ਕੋਰਟ ਵੱਲੋਂ ਜ਼ਮਾਨਤ ਪਟੀਸ਼ਨ ਰੱਦ

### ਆਮਦਨ ਤੋਂ ਵੱਧ ਜਾਇਦਾਦ ਹਾਸਲ ਕਰਨ ਦਾ ਮਾਮਲਾ

ਚੰਡੀਗੜ੍ਹ (ਲੋਕ ਬਾਣੀ)-ਨਸ਼ਾ ਤਸਕਰੀ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਦੀ ਬਰਖ਼ਾਸਤ ਮਹਿਲਾ ਕਾਂਸਟੇਬਲ ਅਮਨਦੀਪ ਕੌਰ 'ਥਾਰ ਵਾਲੀ ਬੀਬੀ' ਨੂੰ ਮਾਣਯੋਗ ਹਾਈ ਕੋਰਟ ਵੱਲੋਂ ਵੱਡਾ ਝਟਕਾ ਮਿਲਿਆ ਹੈ। ਅਦਾਲਤ ਨੇ ਆਮਦਨ ਤੋਂ ਵੱਧ ਜਾਇਦਾਦ ਹਾਸਲ ਕਰਨ ਦੇ ਮਾਮਲੇ ਵਿੱਚ ਵਿਜੀਲੈਂਸ ਵੱਲੋਂ ਦਰਜ ਕੀਤੇ ਗਏ ਕੇਸ ਦੀ ਜ਼ਮਾਨਤ ਪਟੀਸ਼ਨ ਨੂੰ ਖਾਰਿਜ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਅਮਨਦੀਪ ਕੌਰ ਨੇ ਹੇਠਲੀ ਅਦਾਲਤ ਵਿੱਚ ਵੀ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ ਜਿਸ ਨੂੰ ਵੀ ਰੱਦ ਕਰ ਦਿੱਤਾ ਗਿਆ ਸੀ, ਜਿਸ ਕਾਰਨ ਉਸ ਨੇ ਹਾਈ ਕੋਰਟ ਦਾ ਰੁਖ਼ ਕੀਤਾ ਸੀ। ਅਮਨਦੀਪ ਕੌਰ ਇਸ ਸਮੇਂ ਬਠਿੰਡਾ ਜੇਲ੍ਹ ਵਿੱਚ ਬੰਦ ਹੈ, ਜਿਸਨੂੰ ਵਿਜੀਲੈਂਸ ਬਿਊਰੋ ਬਠਿੰਡਾ ਦੀ ਟੀਮ ਨੇ 26 ਮਈ ਨੂੰ ਬਾਦਲ ਪਿੰਡ 'ਚ ਇਕ ਮਸ਼ਹੂਰ ਗਾਇਕ ਦੇ ਘਰੋਂ ਗ੍ਰਿਫ਼ਤਾਰ ਕੀਤਾ






ਸੀ। ਇਸ ਤੋਂ ਬਾਅਦ ਉਹ ਵਿਜੀਲੈਂਸ ਦੇ ਪੁਲਿਸ ਰਿਮਾਂਡ 'ਤੇ ਵੀ ਰਹੀ, ਪਰ ਅਚਾਨਕ ਸਿਹਤ ਖ਼ਰਾਬ ਹੋਣ ਕਾਰਨ ਉਸਨੂੰ ਏਮਜ਼ ਹਸਪਤਾਲ ਬਠਿੰਡਾ 'ਚ ਭਰਤੀ ਕਰਵਾਇਆ ਗਿਆ। ਇਸ ਤੋਂ ਬਾਅਦ ਵਿਜੀਲੈਂਸ ਦੀ ਮੰਗ 'ਤੇ ਅਦਾਲਤ ਨੇ ਉਸਨੂੰ ਨਿਆਇਕ ਹਿਰਾਸਤ ਵਿੱਚ ਬਠਿੰਡਾ ਜੇਲ੍ਹ ਭੇਜ ਦਿੱਤਾ ਸੀ। ਉਸ ਵੇਲੇ ਉਸਨੇ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ ਪਰ ਅਦਾਲਤ ਨੇ ਇਸਨੂੰ ਖਾਰਿਜ ਕਰ ਦਿੱਤਾ ਸੀ।

## ਦੱਖਣੀ ਕੋਰੀਆ'ਚ ਮੀਂਹ ਕਾਰਨ 14 ਵਿਅਕਤੀਆਂ ਦੀ ਮੌਤ

ਸਿਓਲ (ਲੋਕ ਬਾਣੀ)-ਦੱਖਣੀ ਕੋਰੀਆ ਵਿੱਚ ਪੰਜ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਕਾਰਨ ਵੱਖ-ਵੱਖ ਥਾਈਂ ਵਾਪਰੀਆਂ ਘਟਨਾਵਾਂ ਵਿੱਚ 14 ਵਿਅਕਤੀਆਂ ਦੀ ਮੌਤ ਹੋ ਗਈ ਅਤੇ 12 ਜਣੇ ਹੋਰ ਲਾਪਤਾ ਹੋ ਗਏ। ਸਰਕਾਰ ਨੇ ਅੱਜ ਇਹ ਜਾਣਕਾਰੀ ਦਿੱਤੀ। ਸੁਰੱਖਿਆ ਮੰਤਰਾਲੇ ਦੀ ਰਿਪੋਰਟ ਮੁਤਾਬਕ, ਅੱਜ ਸਵੇਰੇ 9 ਵਜੇ ਤੱਕ ਲਗਪਗ 3840 ਵਿਅਕਤੀਆਂ ਨੂੰ ਮਜਬੂਰੀਵੱਸ ਆਪਣੇ ਘਰ ਖਾਲੀ ਕਰਨੇ ਪਏ। ਮੰਤਰਾਲੇ ਨੇ ਦੱਸਿਆ ਕਿ ਮੀਂਹ ਕਾਰਨ ਐਤਵਾਰ ਨੂੰ ਇਕ ਮਕਾਨ ਢਹਿ ਗਿਆ ਜਿਸ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ। ਸਿਓਲ ਦੇ ਉੱਤਰ-ਪੂਰਬ ਵਿੱਚ ਸਥਿਤ ਗੈਪਿਓਂਗ ਸ਼ਹਿਰ ਵਿੱਚ ਇਕ ਹੋਰ ਵਿਅਕਤੀ ਨਦੀ ਵਿੱਚ ਰੁੜ੍ਹ ਗਿਆ। ਮੰਤਰਾਲੇ ਨੇ ਕਿਹਾ ਕਿ ਦੱਖਣੀ ਸ਼ਹਿਰ ਸਾਨਚਿਓਂਗ ਵਿੱਚ ਭਾਰੀ ਮੀਂਹ ਕਾਰਨ ਢਿੱਗਾਂ ਡਿੱਗਣ, ਮਕਾਨ ਡਿੱਗਣ ਅਤੇ ਅਚਾਨਕ ਹੜ੍ਹ ਆਉਣ ਕਾਰਨ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਛੇ ਹੋਰ ਵਿਅਕਤੀ ਲਾਪਤਾ ਹੋ ਗਏ।

1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ




ਲੋਕ ਬਾਣੀ
ਰੋਜ਼ਾਨਾ ਲੋਕ ਬਾਣੀ
www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


ਲੋਕ ਬਾਣੀ ਕਾਵਿ ਵਿਅੰਗ

## ਭਿਖਾਰੀਆਂ ਦੀ ਲੇਰ

ਬਣਾਇਆ ਇੱਕ ਕਾਨੂੰਨ ਭਿਖਾਰੀਆਂ ’ਤੇ,
ਸੱਚੀਂ ਨਿੱਕਲੀ ਭਿਖਾਰੀਆਂ ਦੀ ਲੇਰ ’ਪੱਤੋ’।

ਤੰਗ ਕਰਦੇ ਸੀ ਰਾਹ ਜਾਂਦਿਆਂ ਨੂੰ,
ਹੋਏ ਫਿਰਦੇ ਸੀ ਕਿੰਨੇ ਦਲੇਰ ’ਪੱਤੋ’।

ਜੇ ਕੋਈ ਕੁਝ ਨਾ ਦੇਵੇ ਮੰਗਤਿਆਂ ਨੂੰ,
ਲਾ ਦਿੰਦੇ ਨੇ ਗਾਲਾਂ ਦੇ ਢੇਰ ’ਪੱਤੋ’।

ਚੰਗਾ ਕਸਿਆ ਸ਼ਿਕੰਜਾ ਸਰਕਾਰ ਨੇ ਹੈ,
ਕਰੋ ਡੋਪ ਟੈਸਟ ,ਕਹੋ ਨਾ ਫੇਰ ’ਪੱਤੋ’।

ਭਵਿੱਖ ਬਚ ਜਾਣਾਂ ਛੋਟੇ ਬੱਚਿਆਂ ਦਾ,
ਜਿਹੜੇ ਡੁੱਬੇ ਸੀ ਵਿੱਚ ਹਨੇਰ ’ਪੱਤੋ’।

ਚੰਗਾ ਹੁੰਦਾ ਇਹ ਕੰਮ ਪਹਿਲਾਂ ਹੋ ਜਾਂਦਾ,
ਚੱਲੋ ਸ਼ੁਕਰ !ਦਰੁਸਤ,ਆਏ ਦੇਰ ’ਪੱਤੋ’।

ਮੰਗਤੇ ਹੋਰ ਵੀ ਮੁੱਕਣ ਪੰਜਾਬ ਵਿੱਚੋਂ,
ਚੜ੍ਹ ਜਾਣੀ ਫਿਰ ਨਵੀਂ ਸਵੇਰ ’ਪੱਤੋ’।

ਜੇ ਮੰਗਣਾਂ ਹੈ ,ਮੰਗੋ ਉਸ ਰੱਬ ਕੋਲੋ ਂ ,
ਦਿੰਦੀ ਮਿਹਨਤ ਹੈ ਰੰਗ ਬਿਖੇਰ ’ਪੱਤੋ’।

**ਹਰਪ੍ਰੀਤ ਪੱਤੋ, ਸੰਪਰਕ : 94658-21417**

## ਅੱਜ ਜਨਮ ਦਿਨ ’ਤੇ ਵਿਸ਼ੇਸ਼ : ਰੋਮਾਂਟਿਕ ਤੇ ਦਰਦ ਭਰੀ ਆਵਾਜ਼ ਦਾ ਸਦਾਬਹਾਰ ਗਾਇਕ : ਮੁਕੇਸ਼

ਹਿੰਦੀ ਸਿਨੇਮਾ ਦੀ ਦੁਨੀਆਂ ਵਿੱਚ ਕੁਝ ਅਵਾਜ਼ਾਂ ਅਜਿਹੀਆਂ ਵੀ ਰਹੀਆਂ ਹਨ, ਜੋ ਸਿਰਫ਼ ਕੰਨਾਂ ਤਕ ਹੀ ਨਹੀਂ, ਸਗੋਂ ਦਿਲਾਂ ਦੀ ਗਹਿਰਾਈ ਤਕ ਪਹੁੰਚਦੀਆਂ ਹਨ। ਇਹ ਅਵਾਜ਼ਾਂ ਸਿਰਫ਼ ਗੀਤਾਂ ਦੀ ਰੂਹ ਨਹੀਂ ਬਣੀਆਂ, ਬਲਕਿ ਦਰਸ਼ਕਾਂ ਦੇ ਹਿਰਦੇ ’ਚ ਅਮਿੱਟ ਛਾਪ ਛੱਡ ਗਈਆਂ। ਅਜਿਹੀ ਹੀ ਇਕ ਅਵਾਜ਼ ਸੀ ਮੁਕੇਸ਼ ਦੀ, ਜੋ ਨਰਮ, ਮਿੱਠੀ ਤੇ ਭਾਵਨਾਵਾਂ ਨਾਲ ਭਰੀ ਹੋਈ ਸੀ। ਜਿਸ ਦੀ ਆਵਾਜ਼ ਵਿੱਚ ਦਰਦ ਅਤੇ ਪ੍ਰੇਮ ਦੀ ਇੱਕ ਅਜਿਹੀ ਸਚਾਈ ਸੀ ਜੋ ਸੁਣਨ ਵਾਲੇ ਦੇ ਦਿਲ ਨੂੰ ਜਕੜ ਲੈਂਦੀ ਸੀ।

ਲੋਕ ਬਾਣੀ



22 ਜੁਲਾਈ 1923 ਨੂੰ ਦਿੱਲੀ ਦੇ ਇੱਕ ਸਧਾਰਣ ਪਰਿਵਾਰ ਵਿੱਚ ਇਸ ਮਹਾਨ ਫ਼ਨਕਾਰ ਦਾ ਜਨਮ ਹੋਇਆ। ਜਿੰਨ੍ਹਾਂ ਦਾ ਪੂਰਾ ਨਾਮ ਮੁਕੇਸ਼ ਚੰਦ ਮਾਥੁਰ ਸੀ। ਪਰਿਵਾਰ ਵਿੱਚ ਕਿਸੇ ਨੇ ਵੀ ਕਦੇ ਨਹੀਂ ਸੋਚਿਆ ਸੀ ਕਿ ਇਹ ਨੌਜਵਾਨ ਇੱਕ ਦਿਨ ਸੰਗੀਤਕ ਦੁਨੀਆ ਦੇ ਅਸਮਾਨ ’ਚ ਚਮਕਦਾ ਤਾਰਾ ਬਣੂਗਾ। ਛੋਟੀ ਉਮਰ ਤੋਂ ਹੀ ਮੁਕੇਸ਼ ਨੂੰ ਗੀਤ ਗਾਉਣ ਦਾ ਬਹੁਤ ਸ਼ੌਂਕ ਸੀ। ਉਹ ਅਕਸਰ ਕੇ.ਐਲ. ਸਹਿਗਲ ਦੇ ਗੀਤਾਂ ਨੂੰ ਆਪਣੇ ਦੋਸਤਾਂ ਅਤੇ ਸਕੂਲ ਦੇ ਪ੍ਰੋਗਰਾਮਾ ਵਿੱਚ ਸੁਣਾਉਂਦੇ ਰਹਿੰਦੇ ਸਨ। ਨੌਜਵਾਨੀ ਵਿੱਚ ਉਨ੍ਹਾਂ ਨੇ ਇੱਕ ਵਿਆਹ ਸਮਾਰੋਹ ਵਿੱਚ ਗੀਤ ਗਾਇਆ, ਜਿੱਥੇ ਹਿੰਦੀ ਫਿਲਮਾਂ ਨਾਲ ਜੁੜੇ ਲੋਕ ਮੌਜੂਦ ਸਨ। ਉਨ੍ਹਾਂ ਦੀ ਆਵਾਜ਼ ਨੇ ਸਭਨਾਂ ਦੇ ਦਿਲਾਂ ਨੂੰ ਮੋਹ ਲਿਆ ਅਤੇ ਇਸ ਮੋੜ ਨੇ ਉਨ੍ਹਾਂ ਦੀ ਜ਼ਿੰਦਗੀ ਦੀ ਜਿਵੇਂ ਦਿਸ਼ਾ ਹੀ ਬਦਲ ਦਿੱਤੀ ਹੋਵੇ। ਮਸ਼ਹੂਰ ਅਦਾਕਾਰ ਮੋਤੀਲਾਲ (ਜੋ ਉਨ੍ਹਾਂ ਦੇ ਰਿਸ਼ਤੇਦਾਰ ਵੀ ਸਨ) ਨੇ ਉਨ੍ਹਾਂ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਬਾਲੀਵੁੱਡ ਲੈ ਜਾਣ ਦਾ ਫੈਸਲਾ ਲਿਆ।

ਮੁਕੇਸ਼ ਨੇ ਮੁੰਬਈ ਪਹੁੰਚ ਕੇ ਸੰਗੀਤ ਸਿੱਖਣ ਤੋਂ ਬਾਅਦ ਆਪਣਾ ਪਹਿਲਾ ਗੀਤ 1941 ਦੀ ਫ਼ ?ਲਮ ’ਨਿਰਦੋਸ਼’ ਲਈ ਦਿਲ ਹੀ ਬੁਝਾ ਰਹਾ ਹੋ ਤੋ ਰਿਕਾਰਡ ਕਰਵਾਇਆ। ਪਰ ਉਨ੍ਹਾਂ ਨੂੰ ਅਸਲ ਪਛਾਣ 1945 ਦੀ ਫਿਲਮ ’ਪਹਿਲੀ ਨਜ਼ਰ’ ਦੇ ਗੀਤ ਦਿਲ ਜਲਤਾ ਹੈ ਤੋ ਜਲਨੇ ਦੋ ਨਾਲ ਮਿਲੀ। ਇਹ ਗੀਤ ਉਨ੍ਹਾਂ ਦੀ ਆਵਾਜ਼ ਦੀ ਅਜਿਹੀ ਪਛਾਣ ਬਣ ਗਿਆ ਕਿ ਲੋਕਾਂ ਨੇ ਸੋਚਿਆ ਇਹ ਕੇ. ਐਲ. ਸਹਿਗਲ ਨੇ ਗਾਇਆ ਹੈ, ਪਰ ਜਦੋਂ ਪਤਾ ਲੱਗਿਆ ਕਿ ਇਹ ਇਕ ਨਵੇਂ ਗਾਇਕ ਮੁਕੇਸ਼ ਦੀ ਆਵਾਜ਼ ਹੈ, ਤਾਂ ਲੋਕ ਹੈਰਾਨ ਹੀ ਰਹਿ ਗਏ। ਇਸ ਤੋਂ ਬਾਅਦ ਮੁਕੇਸ਼ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਰਾਜ ਕਪੂਰ ਦੇ ਰੂਪ ਵਿੱਚ ਉਨ੍ਹਾਂ ਨੂੰ ਇੱਕ ਅਜਿਹਾ ਚਿਹਰਾ ਮਿਲ ਗਿਆ ਜਿਸ ਲਈ ਉਨ੍ਹਾਂ ਦੀ ਆਵਾਜ਼ ਬਿਲਕੁਲ ਫਿਟ ਬੈਠਦੀ ਸੀ। ਰਾਜ ਕਪੂਰ ਤੇ ਮੁਕੇਸ਼ ਦੀ ਜੋੜੀ ਨੇ ਬੇਹਦ ਮਸ਼ਹੂਰ ਗੀਤ ਦਿੱਤੇ ਜਿਵੇਂ:-

“ਸੁਹਾਨਾ ਸਫਰ ਔਰ ਯੇ ਮੌਸਮ ਹਸੀਨ

“ਦੋਸਤ ਦੋਸਤ ਨਾ ਰਿਹਾ
ਜਾਨੇ ਕਹਾਂ ਗਏ ਵੋ ਦਿਨ
ਮੇਰਾ ਜੂਤਾ ਹੈ ਜਾਪਾਨੀ
ਸਜਨ ਰੇ ਝੂਠ ਮਤ ਬੋਲੋ
ਏ ਭਾਈ ਜ਼ਰਾ ਦੇਖ ਕੇ ਚਲੋ



ਕੋਈ ਜਬ ਤੁਮਾਰ੍ਹਾ ਹਿਰਦੇ ਤੋੜ ਦੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਗੀਤ ਜੋ ਅੱਜ ਵੀ ਲੋਕਾਂ ਦੀ ਜ਼ੁਬਾਂ ਤੇ ਹਨ।

ਮੁਕੇਸ਼ ਦੀ ਆਵਾਜ਼ ਵਿਚ ਇੱਕ ਆਤਮਿਕ ਸੁਰ ਸਨ। ਉਹ ਨਾ ਤੇ ਢੋਲ-ਧਮਾਕਿਆਂ ਵਾਲਾ ਗਾਇਕ ਸੀ ਅਤੇ ਨਾ ਹੀ ਰੌਲੇ-ਰੱਪੇ ਵਾਲਾ। ਉਹ ਇੱਕ ਅਜਿਹਾ ਫਨਕਾਰ ਸੀ ਜੋ ਜ਼ਿੰਦਗੀ ਦੇ ਦਰਦ ਨੂੰ ਸੁਰੀਲੇ ਰੂਪ ਵਿੱਚ ਪੇਸ਼ ਕਰਦਾ ਸੀ, ਜਿਸ ਦੀ ਆਵਾਜ਼ ਵਿੱਚ ਵਿਅਕਤੀਗਤ ਦਰਦ ਅਤੇ ਸਧਾਰਨ-ਪਣ ਦੀ ਮਿੱਠੀ ਖੁਸ਼ਬੂ ਸੀ। ਇਹੀ ਕਾਰਨ ਸੀ ਕਿ ਉਹਨਾਂ ਦੇ ਗੀਤ ਹਰ ਆਦਮੀ ਦੀ ਆਵਾਜ਼ ਬਣੇ।

ਬਹੁਤੇ ਲੋਕ ਸ਼ਾਇਦ ਇਹ ਗੱਲ ਘੱਟ ਹੀ ਜਾਣਦੇ ਹੋਣਗੇ ਕਿ ਮੁਕੇਸ਼ ਨੇ ਦਸ ਤੋਂ ਵੱਧ ਫਿਲਮਾਂ ਵਿੱਚ ਅਦਾਕਾਰੀ ਵੀ ਕੀਤੀ ਸੀ। ਹਾਲਾਂਕਿ ਉਨ੍ਹਾਂ ਨੂੰ ਵਧੇਰੇ ਮਾਣ ਉਨ੍ਹਾਂ ਦੀ ਗਾਇਕੀ ਨੇ ਦਿੱਤਾ, ਪਰ ਉਨ੍ਹਾਂ ਦੀ ਸਧਾਰਨਤਾ ਅਤੇ ਦਿਲੀ ਭਾਵਨਾ ਉਨ੍ਹਾਂ ਦੇ ਅਦਾਕਾਰੀ ਪਾਤਰਾਂ ਵਿੱਚ ਵੀ ਦਿਖੀ ਸੀ।

27 ਅਗਸਤ 1976 ਨੂੰ ਅਮਰੀਕਾ ਵਿਖੇ ਇਕ ਸੰਗੀਤ ਸਮਾਗਮ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ 53 ਸਾਲਾਂ ਮੁਕੇਸ਼ ਇਸ ਫ਼ਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ।ਹਾਲਾਂਕਿ ਉਨ੍ਹਾਂ ਦੀ ਜ਼ਿੰਦਗੀ ਅਚਾਨਕ ਖਤਮ ਹੋ ਗਈ, ਪਰ ਉਨ੍ਹਾਂ ਦੀ ਆਵਾਜ਼ ਅੱਜ ਵੀ ਸਾਂਝੀ ਧਰੋਹਰ ਵਜੋਂ ਜਿਊਂਦੀ ਹੈ।

ਮੁਕੇਸ਼ ਦੀ ਆਵਾਜ਼ ਨੇ ਹਿੰਦੀ ਫਿਲਮ ਸੰਗੀਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੇ ਪੁੱਤਰ ਨਿਤਿਨ ਮੁਕੇਸ਼ ਨੇ ਆਪਣੇ ਪਿਓ ਤੋਂ ਸੰਗੀਤ ਦੀ ਗੁੜ੍ਹਤੀ ਲੇ ਗੀਤਾਂ ਦੇ ਸਫ਼ਰ ਨੂੰ ਜਾਰੀ ਰਖਿਆ। ਪੋਤਰਾ ਨੀਲ ਨਿਤਿਨ ਮੁਕੇਸ਼ ਵੀ ਸਿਨੇਮਾ ਦੀ ਦੁਨੀਆ ’ਚ ਆਪਣਾ ਯੋਗਦਾਨ ਦੇ ਰਿਹਾ ਹੈ।

ਤਿੰਨ ਦਹਾਕਿਆਂ ’ਚ ਤਕਰੀਬਨ 500 ਫ਼ ?ਲਮਾਂ ਵਿਚ ਲਗਭਗ 1000 ਤੋਂ ਵੱਧ ਉਨ੍ਹਾਂ ਦੇ ਗਾਏ ਗੀਤ ਅੱਜ ਵੀ ਰੇਡੀਓ, ਯੂਟਿਊਬ, ਅਤੇ ਸਟੇਜ ’ਤੇ ਵੱਜਦੇ ਹਨ। ਜਦੋਂ ਵੀ ਕਿਸੇ ਮਨੁੱਖ ਦੇ ਦਿਲ ਵਿੱਚ ਦਰਦ ਜਾਂ ਪਿਆਰ ਉੱਭਰਦਾ ਹੈ ਤਾਂ ਮੁਕੇਸ਼ ਦੀ ਆਵਾਜ਼ ਗੀਤਾਂ ਰਾਹੀਂ ਉਸਦੀ ਸਾਥੀ ਬਣ ਜਾਂਦੀ ਹੈ।


**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਪਿੰਡ ਝੂਰੜ ਖੇੜਾ ਦੀ ਪੰਚਾਇਤ ਵੱਲੋਂ ਪਿੰਡ ਦੇ ਪ੍ਰਾਇਮਰੀ ਸਕੂਲ ਨੂੰ ਏ. ਸੀ. ਅਤੇ 50 ਕੁਰਸੀਆਂ ਦਾਨ

(ਫਾਜ਼ਿਲਕਾ) (ਰਾਜ ਅਰੋੜਾ / ਪ੍ਰਵੀਨ ਕੁਮਾਰ)-ਪਿੰਡ ਝੂਰੜ ਖੇੜਾ ਦੀ ਸਮੁੱਚੀ ਪੰਚਾਇਤ ਅਤੇ ਪਿੰਡ ਦੇ ਪਤਵੰਤੇ ਅਤੇ ਦਾਨੀ ਸੱਜਣਾਂ ਵੱਲੋਂ ਇਸੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਸਕੂਲ ਮੁੱਖੀ ਸ਼ ?ਰੀ ਅਭਿਸ਼ੇਕ ਕਟਾਰਿਆ ਦੀ ਵਧੀਆ ਕਾਰਗੁਜ਼ਾਰੀ ਅਤੇ ਸਕੂਲ ਦੇ ਬੱਚਿਆਂ ਅਤੇ ਇਮਾਰਤ ਵਿੱਚ ਹੋ ਰਹੀ ਤਰੱਕੀ ਤੋਂ ਖੁਸ਼ ਹੋ ਕੇ ਇੱਕ ਏ. ਸੀ. ਅਤੇ ਨਵੇਂ ਬਣੇ ਮੀਟਿੰਗ ਹਾਲ ਲਈ 50 ਕੁਰਸੀਆਂ ਦਾਨ ਵੱਜੋਂ ਭੇਂਟ ਕੀਤੀਆਂ। ਪਿੰਡ ਝੂਰੜ ਖੇੜਾ ਦੇ ਮੌਜੂਦਾ ਸਰਪੰਚ ਸ. ਜੱਜ ਸਿੰਘ ਨੇ ਕਿਹਾ ਕਿ ਪਿੰਡ ਦਾ ਪ੍ਰਾਇਮਰੀ ਸਕੂਲ ਜਦੋਂ ਤੋਂ ਨਵੇਂ ਸੈਂਟਰ ਹੈੱਡ ਟੀਚਰ ਸ਼ ?ਰੀ ਅਭਿਸ਼ੇਕ ਕਟਾਰਿਆ ਜੀ ਨੇ ਸੰਭਾਲਿਆ ਹੈ, ਸਕੂਲ ਦੀ ਤਰੱਕੀ ਵਿੱਚ ਦਿਨ ਦੁਗਣੀ ਅਤੇ ਰਾਤ ਚੌਗੁਣੀ ਵਾਧਾ ਹੋਇਆ ਹੈ। ਉਹਨਾਂ ਕਿਹਾ ਕਿ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜੋਕਿ ਇਸ ਸਾਲ ਤੱਕ ਵੀ ਬਰਕਰਾਰ ਹੈ ਅਤੇ ਇਮਾਰਤ ਦਾ ਸੁੰਦਰੀਕਰਨ ਹੋਣ ਨਾਲ ਬੱਚੇ ਮੱਲੋਮੱਲੀ ਸਕੂਲ ਪੜ੍ਹਣ ਲਈ ਦੌੜੇ ਆਉਂਦੇ ਹਨ। ਇਸ ਲਈ ਪੂਰੇ ਪਿੰਡ ਦੀ ਪੰਚਾਇਤ ਨੇ ਇਸ ਗੱਲ ਤੋਂ ਖੁਸ਼ ਹੋ ਕੇ ਇਹ ਸਮਾਨ ਸਕੂਲ ਨੂੰ ਭੇਂਟ ਕੀਤਾ ਹੈ। ਇਸ ਮੌਕੇ ਪਿੰਡ ਦੇ ਸਰਪੰਚ ਸ. ਜੱਜ ਸਿੰਘ ਤੋਂ ਇਲਾਵਾ ਪੰਚਾਇਤ ਮੈਂਬਰ ਸ. ਬਚਿੱਤਰ ਸਿੰਘ, ਜੰਡ ਸਿੰਘ, ਕੁਲਜੀਤ ਸਿੰਘ, ਵੀਰੂ ਰਾਮ, ਬਲਦੇਵ ਸਿੰਘ, ਬਲਵਿੰਦਰ ਕੌਰ, ਮਨਪ੍ਰੀਤ ਕੌਰ, ਵੀਰਪਾਲ ਕੌਰ, ਸੁਖਦੀਪ ਕੌਰ ਅਤੇ ਸਕੂਲ ਦੇ ਮੁਖੀ ਸ਼ ?ਰੀ ਅਭਿਸ਼ੇਕ ਤੋਂ ਇਲਾਵਾ ਸਕੂਲ ਦਾ ਸਟਾਫ਼ ਸ਼ ?ਰੀ ਰਵਿੰਦਰ, ਸੰਦੀਪ ਕੁਮਾਰ, ਸਾਹਿਬ ਸਿੰਘ, ਗੌਤਮ, ਸ਼ਿਲਪਾ ਤਿੰਨਾ, ਗਗਨਦੀਪ ਕੌਰ ਆਦਿ ਹਾਜ਼ਰ ਸਨ।



# 25 ਜੁਲਾਈ ਦੀ 'ਸੰਗਰੂਰ ਰੈਲੀ' ਵਿੱਚ ਡੀ.ਟੀ.ਐੱਫ. ਕਰੇਗੀ ਭਰਵੀਂ ਸ਼ਮੂਲੀਅਤ ਪੰਜਾਬ ਨੂੰ ਪੁਲਿਸ ਰਾਜ ਵਿੱਚ ਬਦਲਣ ਅਤੇ ਜਮਹੂਰੀ ਹੱਕਾਂ ਦੇ ਕੀਤੇ ਜਾ ਰਹੇ ਘਾਣ ਦਾ ਕੀਤਾ ਜਾਵੇਗਾ ਡੱਟਵਾਂ ਵਿਰੋਧ

(ਫਾਜ਼ਿਲਕਾ) (ਰਾਜ ਅਰੋੜਾ / ਪ੍ਰਵੀਨ ਕੁਮਾਰ)-ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਵੱਲੋਂ ਫੈਸਲਾ ਕੀਤਾ ਗਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਨੂੰ ਪੁਲਿਸ ਰਾਜ ਵਿੱਚ ਬਦਲਣ ਅਤੇ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਉੱਤੇ ਮਾਰੇ ਜਾ ਰਹੇ ਡਾਕੇ ਖ਼ ?ਲਾਫ਼ ਕਿਸਾਨ, ਮਜ਼ਦੂਰ ਜਥੇਬੰਦੀਆਂ ਵੱਲੋਂ 25 ਜੁਲਾਈ ਨੂੰ ਦਾਣਾ ਮੰਡੀ ਸੰਗਰੂਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਅਤੇ ਰੋਸ ਮੁਜ਼ਾਹਰੇ ਵਿੱਚ ਵੱਡੇ ਪੱਧਰ 'ਤੇ ਅਧਿਆਪਕਾਂ ਵੱਲੋਂ ਵੀ ਸ਼ਮੂਲੀਅਤ ਜਾਵੇਗੀ। ਇਸ ਸੰਬੰਧੀ ਡੀ.ਟੀ.ਐੱਫ. ਜਿਲ੍ਹਾ ਫਾਜ਼ਿਲਕਾ ਦੀ ਹੋਈ ਮੀਟਿੰਗ ਤੋਂ ਬਾਅਦ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਫਰੰਟ ਦੇ ਜਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ, ਸੂਬਾ ਜਨਰਲ ਸਕੱਤਰ ਮਹਿੰਦਰ ਕੌੜਿਆਂ ਵਾਲੀ ਅਤੇ ਜਿਲ੍ਹਾ ਸਕੱਤਰ ਕੁਲਜੀਤ ਡੰਗਰ ਖੇੜਾ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮੋਦੀ ਸਰਕਾਰ ਦੀ ਤਰਜ਼ ਤੇ ਵਿਰੋਧ ਦੀ ਹਰ ਆਵਾਜ਼ ਨੂੰ ਦਬਾਉਣ ਦੇ ਰਾਹ ਪਈ ਹੋਈ ਹੈ ਪਿਛਲੇ ਸਮੇਂ ਦੌਰਾਨ ਸੰਯੁਕਤ ਕਿਸਾਨ ਮੋਰਚੇ ਦੇ ਚੰਡੀਗੜ੍ਹ ਕੂਚ ਨੂੰ ਗ੍ਰਿਫ਼ਤਾਰੀਆਂ ਦਾ ਦੌਰ ਚਲਾ ਕੇ ਫੇਲ ਕਰਨਾ, ਸ਼ੰਭੂ ਤੇ ਖਨੌਰੀ ਮੋਰਚਿਆਂ ਦੀ ਲੀਡਰਸ਼ਿਪ ਨੂੰ ਗੱਲਬਾਤ ਲਈ ਬੁਲਾ ਕੇ ਗ੍ਰਿਫ਼ਤਾਰ ਕਰਨ ਉਪਰੰਤ ਜ਼ਬਰੀ ਉਹਨਾਂ ਦੇ ਧਰਨੇ ਚੁਕਵਾਉਣਾ, ਸੰਗਰੂਰ ਵਿਖੇ ਬੇਗਮਪੁਰਾ ਵਸਾਉਣ ਲਈ ਜਾ ਰਹੇ ਸੈਂਕੜੇ ਮਜ਼ਦੂਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰਨਾ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ 'ਤੇ ਅਣ ਐਲਾਨੀ ਪਾਬੰਦੀ ਲਗਾਉਣਾ ਅਤੇ ਉਨ੍ਹਾਂ ਦੇ ਆਗੂਆਂ ਦੀ ਕੀਤੀ ਜਾ ਰਹੀ ਛਾਪੇਮਾਰੀ, ਬੇਰੁਜ਼ਗਾਰ ਅਧਿਆਪਕਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰਨਾ ਆਦਿ ਇਸਦੀਆਂ ਪ੍ਰਮੁੱਖ ਉਦਾਹਰਣਾਂ ਹਨ।



# ਗੁਰਦੁਆਰਾ ਕੇਸ਼ਗੜ੍ਹ ਸਾਹਿਬ,ਮੰਦਿਰ ਮਾਤਾ ਚਿੰਤਪੁਰਨੀ ਨੈਣਾ ਦੇਵੀ ਦੇ ਦਰਸ਼ਨਾਂ ਲਈ ਏਕਨੂਰ ਸੇਵਾ ਟਰੱਸਟ ਦੀ 166ਵੀਂ ਬੱਸ ਯਾਤਰਾ ਰਵਾਨਾ

## ਸੰਸਥਾ ਵੱਲੋਂ ਕੀਤੇ ਜਾ ਰਹੇ ਕੰਮ ਜੀ ਜਿਹੜੇ ਦੂਸਰਿਆਂ ਲਈ ਇੱਕ ਮਿਸਾਲ- ਅਮਨਦੀਪ ਸਿੰਘ ਬੋਪਾਰਾਏ

ਅੰਮ੍ਰਿਤਸਰ, (ਲੋਕ ਬਾਣੀ)- ਰਾਸ਼ਟਰੀ ਨੌਜਵਾਨ ਸੋਸ਼ਲ ਐਂਡ ਸਪੋਰਟਸ ਸੁਸਾਇਟੀ ਦੇ ਧਾਰਮਿਕ ਯੂਨਿਟ ਏਕਨੂਰ ਸੇਵਾ ਟਰੱਸਟ ਵੱਲੋਂ 166ਵੀਂ ਮਾਸਿਕ ਬੱਸ ਯਾਤਰਾ ਦੇ ਤਹਿਤ ਸੰਗਤਾਂ ਨੂੰ ਗੁਰੂਦੁਆਰਾ ਸ੍ਰੀ ਕ ੇ ਸ ਗ ੜ੍ਹ ਸਾਹਿਬ,ਅਨੰਦਪੁਰ ਸਾਹਿਬ ਅਤੇ ਮੰਦਿਰ ਮਾਤਾ ਨੈਣਾ ਦੇਵੀ ਜੀ ਦੇ ਦਰਸ਼ਨ ਕਰਵਾਏ ਗਏ। ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ.. ਮਹਾਮਾਈ ਦੇ ਜੈਕਾਰਿਆਂ ਦੀ ਗੂੰਜ ਦੇ ਵਿੱਚ ਮਜੀਠਾ ਰੋਡ ਤੋਂ ਯਾਤਰਾ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਨੇਤਾ ਅਤੇ ਸਮਾਜ ਸੇਵਕ ਅਮਨਦੀਪ ਸਿੰਘ ਬੋਪਾਰਾਏ ਵੱਲੋਂ ਰਵਾਨਾ ਕੀਤਾ ਗਿਆ। ਬੋਪਾਰਾਏ ਨੇ ਕਿਹਾ ਕਿ ਪਿਛਲੇ 14 ਸਾਲਾਂ ਤੋਂ ਹਜ਼ਾਰਾਂ ਸੰਗਤਾਂ ਨੂੰ ਬੱਸ ਯਾਤਰਾ ਦੇ ਤਹਿਤ ਵੱਖ-ਵੱਖ ਮੰਦਰਾਂ ਤੇ ਗੁਰਦੁਆਰਿਆਂ ਦੇ ਦਰਸ਼ਨ ਕਰਵਾਉਣੇ ਹਰ ਕਿਸੇ ਦੇ ਵਾਸਤੇ ਕੰਮ ਨਹੀਂ ਹੈ। ਧਾਰਮਿਕ ਯਾਤਰਾ ਦੇ ਨਾਲ ਨਾਲ ਲੜਕੀਆਂ ਨੂੰ ਸਵੈ ਰੁਜ਼ਗਾਰ ਬਣਾਉਣਾ ਫਰੀ ਮੈਡੀਕਲ,ਖ਼ੂਨਦਾਨ ਕੈਂਪ ਲਗਾਉਣੇ, ਜ਼ਰੂਰਤਮੰਦ ਲੋਕਾਂ ਦੀ ਸਹਾਇਤਾ ਲਈ ਹਮੇਸ਼ਾ ਵੱਧ ਚੜ੍ਹ ਕੇ ਇਸ ਸੰਸਥਾ ਵੱਲੋਂ ਯੋਗਦਾਨ ਅਦਾ ਕਰਨਾ ਦੂਸਰੇ ਲੋਕਾਂ ਲਈ ਇੱਕ ਮਿਸਾਲ ਹੈ।



# ਨੇਚਰ ਫਰੈਂਡ ਟੀਮ ਤੇ ਲਾਵਾ ਐਨਜੀਓ ਨੇ ਈਸਟਰਨ ਪਾਰਕ ਵਿੱਚ ਰੁੱਖ ਲਗਾਏ ਮੁੱਖ ਮਹਿਮਾਨ ਵਿੱਚੋਂ ਪਹੁੰਚੇ ਧਰਮਵੀਰ ਮਹਿਰਾ ਸਾਬਕਾ ਐਸਪੀ

ਲੁਧਿਆਣਾ( ਸੁਖਚੈਨ ਮਹਿਰਾ) ਨੇਚਰ ਫਰੈਂਡ ਅਤੇ ਲਾਵਾ ਐਨਜੀਓ ਨੇ ਵਾਤਾਵਰਣ ਜਾਗਰੂਕਤਾ ਮੁਹਿੰਮ ਤਹਿਤ ਈਸਟਰਨ ਪਾਰਕ, ਚੰਡੀਗੜ੍ਹ ਰੋਡ ਵਿੱਚ ਰੁੱਖ ਲਗਾਏ। ਇਸ ਖਾਸ ਮੌਕੇ 'ਤੇ, ਇਹ ਐਨਜੀਓ ਦੇ ਤਿੰਨ ਮੈਂਬਰਾਂ ਦਾ ਜਨਮਦਿਨ ਸੀ, ਜਿਸਨੂੰ ਸਾਰਿਆਂ ਨੇ ਰੁੱਖ ਲਗਾ ਕੇ ਮਨਾਇਆ। ਇਸ ਮੌਕੇ 'ਤੇ, ਅਮਿਤ ਪਾਲ (ਪ੍ਰਧਾਨ, ਨੇਚਰਜ਼ ਫਰੈਂਡ ਐਨਜੀਓ), ਨਰੇਸ਼ ਚਲੋਤਰਾ, ਮੁੱਖ ਮਹਿਮਾਨ ਧਰਮਵੀਰ ਸਿੰਘ ਮਹਿਰਾ ਸਾਬਕਾ ਐਸਪੀ ,ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਣ ਸੰਭਾਲ ਗਤੀਵਿਧੀਆਂ ਵਿੱਚ ਸਰਗਰਮ ਰਹਿਣਾ ਚਾਹੀਦਾ ਹੈ, ਤਾਂ ਜੋ ਸਾਡਾ ਵਾਤਾਵਰਣ ਸਾਫ਼ ਰਹੇ ਅਤੇ ਅਸੀਂ ਤਾਜ਼ੀ ਹਵਾ ਵਿੱਚ ਸਾਹ ਲੈ ਸਕੀਏ।ਇਸ ਮੌਕੇ 'ਤੇ, ਅਮਿਤ ਪਾਲ (ਪ੍ਰਧਾਨ, ਨੇਚਰਜ਼ ਫਰੈਂਡ ਐਨਜੀਓ), ਨਰੇਸ਼ ਚਲੋਤਰਾ, ਸਾਨਿਆ ਸ਼ਰਮਾ, ਦਿਨੇਸ਼ ਰਾਠੌਰ, ਰਾਜਿੰਦਰ ਕਾਲੜਾ, ਕੇਦਾਰ, ਸੰਜੇ ਸੈਣੀ, ਬਲਬੀਰ ਸਿੰਘ ਝੰਡੂ ਅਮਰਜੀਤ ਸਿੰਘ ਮਹਿਰਾ ,ਅਤੇ ਐਨਜੀਓ ਟੀਮ ਦੇ ਸਾਰੇ ਮੈਂਬਰ ਅਤੇ ਈਸਟਰਨ ਪਾਰਕ ਦੇ ਵਸਨੀਕ ਮੌਜੂਦ ਸਨ।



# ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਕਰੇਗਾ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤਾ ਨਵਾਂ ਬਿੱਲ : ਸਰਪੰਚ ਕੰਵਲਜੀਤ ਸਿੰਘ

## ਪੰਜਾਬ ਸਰਕਾਰ ਧਾਰਮਿਕ ਗ੍ਰੰਥਾਂ ਦੇ ਨਿਰਾਦਰ ਨੂੰ ਬਰਦਾਸ਼ਤ ਨਹੀਂ ਕਰੇਗੀ - ਕੰਵਲਜੀਤ ਸਿੰਘ

ਗੁਰਦਾਸਪੁਰ, ( ਜਸਵਿੰਦਰ ਸਿੰਘ )- ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਲਈ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇਤਿਹਾਸਕ ਕਦਮ ਚੁੱਕਿਆ ਹੈ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਾਰੇ ਬਿੱਲ ਲਿਆਉਣ ਦਾ ਸਵਾਗਤ ਕਰਦਿਆਂ - ਹਲਕਾ ਦੀਨਾਨਗਰ ਯੂਥ ਕੋਆਰਡੀਨੇਟਰ ਕੰਵਲਜੀਤ ਸਿੰਘ ਸਰਪੰਚ ਪਿੰਡ ਭੂਣ, ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸਾਸ਼ਨ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ, ਜਿਸ ਵਿੱਚ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਅਪਰਾਧੀ ਖੁੱਲ੍ਹੇ ਆਮ ਘੁੰਮਦੇ ਰਹੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ - ਕੰਵਲਜੀਤ ਸਿੰਘ, ਨੇ ਕਿਹਾ ਕਿ ਇਹ ਬਿੱਲ ਬੇਅਦਬੀ ਨੂੰ ਵਿਆਪਕ ਤੌਰ ਤੇ ਪਰਿਭਾਸ਼ਿਤ ਕਰਦਾ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ ਵਰਗੇ ਪਵਿੱਤਰ ਗ੍ਰੰਥਾਂ ਨਾਲ ਛੇੜਛਾੜ, ਗ੍ਰੰਥਾਂ ਨੂੰ ਸਾੜਨਾ, ਪਾੜਨਾ ਜਾਂ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ ਉਨ੍ਹਾਂ ਕਿਹਾ ਬਿੱਲ ਵਿੱਚ ਅਪਰਾਧੀਆਂ ਲਈ ਸਖ਼ਤ ਸਜ਼ਾਵਾਂ ਦੀ ਤਜਵੀਜ਼ ਹੈ, ਜਿਸ ਵਿੱਚ ਘੱਟੋ-ਘੱਟ 10 ਸਾਲ ਤੱਕ ਤੋਂ ਉਮਰ ਕੈਦ ਤੱਕ ਦੀ ਸਜ਼ਾ ਅਤੇ 5 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਸ਼ਾਮਲ ਹੈ ਉਨ੍ਹਾਂ ਕਿਹਾ ਕਿ ਬਿੱਲ ਵਿੱਚ ਬੇਅਦਬੀ ਨੂੰ ਗੈਰ-ਜ਼ਮਾਨਤੀ ਅਤੇ ਸਮਝੌਤਾ-ਰਹਿਤ ਅਪਰਾਧ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ।



# ਪੰਜਾਬ ਸਰਕਾਰ ਸੂਬੇ ਭਰ ਵਿੱਚ 13,000 ਅਤਿ-ਆਧੁਨਿਕ ਸਟੇਡੀਅਮਾਂ ਦੀ ਉਸਾਰੀ ਕਰੇਗੀ - ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ

## ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਅਤੇ ਵਿਸ਼ਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ - ਜੋਬਨ ਰੰਧਾਵਾ

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜਲਦੀ ਹੀ ਸੂਬੇ ਭਰ ਵਿੱਚ 13,000 ਅਤਿ-ਅ ਾ ਧ ੁ ਿ ਨ ਕ ਸਟੇਡੀਅਮਾਂ ਦੀ ਉਸਾਰੀ ਸ਼ੁਰੂ ਕਰੇਗੀ, ਜਿਸ ਦੇ ਪਹਿਲੇ ਪੜਾਅ ਅਧੀਨ 3,083 ਅਜਿਹੇ ਸਟੇਡੀਅਮਾਂ ਦੀ ਉਸਾਰੀ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ। ਪੰਜਾਬ ਸਰਕਾਰ ਦੇ ਇਹ ਉਪਰਾਲੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨਗੇ ਅਤੇ ਨੌਜਵਾਨ ਖੇਡਾਂ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣਗੇ ਇਹ ਪ੍ਰਗਟਾਵਾ ਕਰਦਿਆਂ - ਗੁਰਦਾਸਪੁਰ ਦੇ ਜ਼ਿਲ੍ਹਾ ਇੰਨਚਾਰਜ ਜੋਬਨ ਰੰਧਾਵਾ, ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਪਾਸੇ ਲਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਅਤੇ ਵਿਸ਼ਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ ਤੇ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਹੋਣਹਾਰ ਖਿਡਾਰੀਆਂ ਨੂੰ ਇਨ੍ਹਾਂ ਨਵੀਆਂ ਸਹੂਲਤਾਂ ਵਿੱਚ ਉਭਰਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਵਾਸਤੇ ਕੋਚ ਵਜੋਂ ਨਿਯੁਕਤ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਗੁਆਚੀ ਸ਼ਾਨ ਬਹਾਲ ਕਰਨ ਸਬੰਧੀ ਆਪਣੇ ਯਤਨਾਂ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ - ਜੋਬਨ ਰੰਧਾਵਾ,ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਸੂਬੇ ਚ ਖੇਡ ਬੁਨਿਆਦੀ ਢਾਂਚੇ ਦੇ ਵਿਕਾਸ ਜਾਂ ਨੌਜਵਾਨਾਂ ਦੇ ਰੋਜ਼ਗਾਰ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਦੇ ਨਤੀਜੇ ਵਜੋਂ ਸੂਬੇ ਭਰ ਵਿੱਚ ਨਸ਼ੇ ਦਾ ਕਾਰੋਬਾਰ ਬਿਨਾਂ ਕਿਸੇ ਰੋਕ-ਟੋਕ ਦੇ ਇੰਨੀ ਵੱਡੀ ਪੱਧਰ ਤੇ ਫੈਲ ਗਿਆ ਅਤੇ ਪੰਜਾਬ ਦੇ ਕਈ ਨੌਜਵਾਨ ਨਸ਼ੇ ਦੇ ਆਦੀ ਹੋ ਗਏ।



# ਜੋਬਨ ਰੰਧਾਵਾ ਨੇ ਮੁਖਦੇਵ ਸਿੰਘ ਆਲੋਵਾਲ ਨੂੰ ਜ਼ਿਲ੍ਹਾ ਮਿਡੀਆ ਇੰਚਾਰਜ ਬਣਨ ਤੇ ਵਧਾਈ ਦਿੱਤੀ

## ਆਮ ਆਦਮੀ ਪਾਰਟੀ ਵਿੱਚ ਮਿਹਨਤ ਕਰਨ ਵਾਲੇ ਹਰ ਵਰਕਰ ਅਤੇ ਆਗੂ ਨੂੰ ਬਰਾਬਰ ਦਾ ਮਾਣ ਸਨਮਾਨ ਮਿਲਦਾ ਹੈ - ਦਲਜੀਤ ਸਿੰਘ ਲੱਕੀ



ਗੁਰਦਾਸਪੁਰ ( ਜਸਵਿੰਦਰ ਸਿੰਘ )- ਆਮ ਆਦਮੀ ਪਾਰਟੀ ਵੱਲੋਂ ਮਿਹਨਤ ਅਤੇ ਵਫਾਦਾਰੀ ਨਾਲ ਕੰਮ ਕਰਨ ਵਾਲੇ ਹਰ ਵਰਕਰ ਅਤੇ ਆਗੂ ਦਾ ਸਨਮਾਨ ਕੀਤਾ ਜਾਂਦਾ ਹੈ ਤੇ ਸਿਰਫ ਆਮ ਆਦਮੀ ਪਾਰਟੀ ਹੀ ਜੋ ਹਮੇਸ਼ਾ ਹੀ ਵਰਕਰਾਂ ਨੂੰ ਬਰਾਬਰ ਦਾ ਮਾਣ ਸਨਮਾਨ ਦਿੰਦੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਗੁਰਦਾਸਪੁਰ ਦੇ ਜ਼ਿਲ੍ਹਾ ਇੰਨਚਾਰਜ ਜੋਬਨ ਰੰਧਾਵਾ ਵੱਲੋਂ ਕੀਤਾ ਗਿਆ ਆਮ ਆਦਮੀ ਪਾਰਟੀ ਦੇ ਨਵਨਿਯੁਕਤ ਜਿਲਾ ਮੀਡੀਆ ਇੰਚਾਰਜ ਮੁਖਦੇਵ ਸਿੰਘ ਆਲੋਵਾਲ ਨੂੰ ਵਧਾਈ ਦਿੰਦਿਆਂ ਪੱਤਰਕਾਰਾਂ ਦੇ ਰੂ-ਬਰੂ ਹੁੰਦਿਆਂ ਪ੍ਰਗਟ ਕੀਤੇ-ਜੋਬਨ ਰੰਧਾਵਾ,ਨੇ ਕਹਾ ਕਿ ਮੁਖਦੇਵ ਸਿੰਘ ਆਲੋਵਾਲ ਨੇ ਹਮੇਸ਼ਾ ਹੀ ਪਾਰਟੀ ਦਾ ਮਜਬੂਤੀ ਅਤੇ ਚੜ੍ਹਦੀਕਲਾ ਲਈ ਕੰਮ ਕੀਤਾ ਹੈ ਜਿੰਨੀਆਂ ਵੀ ਚੋਣਾਂ ਹੋਈਆਂ ਉਹਨਾਂ ਸਾਰੀਆਂ ਚੋਣਾਂ ਵਿੱਚ ਮੁਖਦੇਵ ਸਿੰਘ ਆਲੂਵਾਲ ਨੇ ਇੱਕ ਨਿਮਾਣੇ ਜਿਹੇ ਵਰਕਰ ਵਾਂਗ ਕੰਮ ਕੀਤਾ ਹੈ ਅਤੇ ਪਾਰਟੀ ਨੇ ਉਹਨਾਂ ਨੂੰ ਜੋ ਵੀ ਜਿੰਮੇਵਾਰੀ ਦਿੱਤੀ ਉਸ ਉੱਪਰ ਮੁਖਦੇਵ ਸਿੰਘ ਆਲੂਵਾਲ ਪੂਰੀ ਤਰ੍ਹਾਂ ਖਰੇ ਉੱਤਰੇ ਜਿਸ ਦੇ ਚੱਲਦਿਆਂ ਪਾਰਟੀ ਵੱਲੋਂ ਉਹਨਾਂ ਨੂੰ ਜ਼ਿਲ੍ਹਾ ਮੀਡੀਆ ਇੰਚਾਰਜ ਦੀ ਜਿੰਮੇਵਾਰੀ ਦੇ ਕੇ ਨਿਵਾਜਿਆ ਹੈ ਇਸਦੇ ਨਾਲ ਹੀ ਪਾਰਟੀ ਵੱਲੋਂ ਹੋਰ ਵੀ ਜਿਹੜੇ ਨਵੇਂ ਅਹੁਦੇ ਦਿੱਤੇ ਹਨ ਉਹਨਾਂ ਸਾਰਿਆਂ ਨੂੰ ਮੇਰੇ ਵੱਲੋਂ ਅਤੇ ਸਮੁੱਚੀ ਪਾਰਟੀ ਵੱਲੋਂ ਵਧਾਈ।

# ਸ਼ਹਿਰ ਦੇ ਨਾਮੀ ਹੋਟਲ ਬਣ ਗਏ ਸਨ ਅਯਾਸ਼ੀ ਦਾ ਅੱਡਾ,ਉੱਤੋਂ ਫੜੇ 9 ਮੁੰਡੇ ਅਤੇ 18 ਕੁੜੀਆਂ

ਮੋਗਾ (ਲੋਕ ਬਾਣੀ) ਮੋਗਾ ਪੁਲਿਸ ਅਤੇ ਥਾਣਾ ਮਹਿਣਾ ਪੁਲਿਸ ਵੱਲੋਂ ਸਾਂਝੇ ਅਪ੍ਰੇਸ਼ਨ ਦੌਰਾਨ ਬੁੱਘੀਪੁਰਾ ਚੌਕ ਨੇੜੇ ਇਕ ਹੋਟਲ ਤੇ ਰੇਡ ਕਰਕੇ ਉਥੇ ਚੱਲ ਰਹੇ ਦੇਹ ਵਪਾਰ ਦੇ ਧੰਦੇ ਦਾ ਪਰਦਾਫਾਸ਼ ਕਰਕੇ ਦੇ ਮੁਕਦਮੇਂ ਦਰਜ ਕੀਤਾ ਗਏ ਹਨ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡੀਐੱਸਪੀ ਸਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ 19 ਜੁਲਾਈ ਨੂੰ ਥਾਣਾ ਸਿਟੀ ਮੋਗਾ ਪੁਲਿਸ ਦੇ ਇੰਸਪੈਕਟਰ ਵਰੁਣ ਕੁਮਾਰ ਨੇ ਸਾਥੀ ਕਰਮਚਾਰੀਆਂ ਸਮੇਤ ਇਲਾਕਾ ਦੀ ਗਸ਼ਤਕਰਨ ਲਈ ਕੋਟਕਪੂਰਾ ਚੌਕ ਬਾਈਪਾਸ ਮੋਗਾ ਮੌਜੂਦ ਸੀ ਤਾਂ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਬੁੱਘੀਪੁਰਾ ਚੌਕ ਮੋਗਾ ਵਿਖੇ ਇਕ ਹੋਟਲ ਹੈ, ਜਿਸ ਨੂੰ ਪਰਮਵੀਰ ਸਿੰਘ ਵਾਸੀ ਝੰਡੇਆਣਾ ਸ਼ਰਕੀ ਚਲਾਉਂਦਾ ਹੈ ਅਤੇ ਹੋਟਲ ਵਿਚ ਬਣੇ ਹੋਏ ਕਮਰਿਆ ਵਿਚ ਗਾਹਕਾਂ ਪਾਸੋ ਮੋਟੀ ਰਕਮ ਲੈ ਕੇ ਦੇਹ ਵਪਾਰ ਦਾ ਧੰਦਾ ਕਰਾਉਂਦਾ ਹੈ ਅਤੇ ਬਾਹਰੋ ਜਨਾਨੀਆਂ ਲਿਆ ਕੇ ਗਾਹਕਾਂ ਨੂੰ ਦੇਹ ਵਪਾਰ ਦੇ ਧੰਦੇ ਲਈ ਸਪਲਾਈ ਕਰਦਾ ਹੈ। ਉਨ੍ਹਾਂ ਦੱਸਿਆ ਪੁਲਿਸ ਵੱਲੋਂ ਰੇਡ ਕਰਨ ਤੇ ਹੋਟਲ ਦੇ ਕਮਰਿਆਂ ਵਿਚ ਦੇਹ ਵਪਾਰ ਦਾ ਧੰਦਾ ਕਰਨ ਵਾਲੇ ਕਾਫੀ ਪੁਰਸ਼ ਅਤੇ ਔਰਤਾਂ ਕਾਬੂ ਆ ਸਕਦੇ ਹਨ।



ਇੰਸਪੈਕਟਰ ਵਰੁਣ ਕੁਮਾਰ ਵੱਲੋਂ ਰੇਡ ਕਰਨ ਤੇ ਇਤਰਾਜਯੋਗ ਹਾਲਤ ਵਿਚ ਮਿਲੇ 01 ਵਿਅਕਤੀ ਨੂੰ ਗ੍ਰਿਫਤਾਰ ਕੀਤਾ ਅਤੇ ਇਤਰਾਜਯੋਗ ਹਾਲਤ ਵਿਚ ਮਿਲੀਆ ਪੀੜਤ 08 ਔਰਤਾਂ ਨੂੰ ਸਮਾਜ ਸੇਵੀਆਂ ਦੇ ਹਵਾਲੇ ਕੀਤਾ ਗਿਆ, ਜਿੰਨ੍ਹਾਂ ਦੀ ਪੁੱਛਗਿੱਛ ਦੌਰਾਨ ਜੋ ਵੀ ਗੱਲ ਸਾਹਮਣੇ ਆਉਂਦੀ ਹੈ, ਉਸਦੇ ਅਨੁਸਾਰ ਬਣਦੀ ਕਾਰਵਾਈ ਅਮਲ ਵਿਚ ਲਿਆਦੀ ਜਾਵੇਗੀ।

# ਵੱਧ ਰਿਹਾ ਮਕਸੂਦਾਂ ਸਬਜ਼ੀ ਮੰਡੀ ਦੇ ਪਾਰਕਿੰਗ ਠੇਕੇਦਾਰ ਦਾ ਵਿਰੋਧ, ਹੁਣ ਹੋਈਆ ਵੱਡਾ ਹੰਗਾਮਾ

ਲੋਕ ਬਾਣੀ, ਮਕਸੂਦਾਂ ਸਬਜ਼ੀ ਮੰਡੀ ਦੇ ਪਾਰਕਿੰਗ ਠੇਕੇਦਾਰ ਦਾ ਵਿਰੋਧ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਅੱਜ ਡਰਾਈਵਰਾਂ ਨੇ ਪਾਰਕਿੰਗ ਠੇਕੇਦਾਰ ਦੇ ਵਿਰੋਧ ਵਿੱਚ ਮਕਸੂਦਾਂ ਮੰਡੀ ਦੇ ਸਾਰੇ ਗੇਟ ਬੰਦ ਕਰ ਦਿੱਤੇ। ਬੁਲਾਰਿਆਂ ਨੇ ਕਿਹਾ ਕਿ ਸਾਰੇ ਚੋਰ ਸ਼ ਾ ਮ ਲ ਹਨ।ਆੜ੍ਹਤੀਆ ਐਸੋਸੀਏਸ਼ਨ ਦੀ ਪ੍ਰਧਾਨ ਸ਼ਾਂਤੀ ਬੱਤਰਾ ਨੂੰ ਮਿਲੀਆਂ ਧਮਕੀਆਂ ਦੀਆਂ ਗੂੰਜਾਂ ਵੀ ਸ ੁ ਣ ਾ ਈ ਿ ਦਿੱਤੀਆਂ।ਪ੍ਰਦਰਸ਼ਨ ਕਰ ਰਹੇ ਲੋਕਾਂ ਅਤੇ ਮਾਰਕੀਟ ਕਮੇਟੀ ਦੇ ਸਕੱਤਰ ਵਿਚਕਾਰ ਝਗੜਾ ਵੀ ਹੋ ਇਆ ।ਪ੍ ਧਾ ਨ ਮੁਹਿੰਦਰਜੀਤ ਸਿੰਘ ਸ਼ੰਟੀ ਬਤਰਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਕਈ ਵਾਰ ਮਾਰਕਿਟ ਕਮੇਟੀ ਦੇ ਸਕੱਤਰ ਨੂੰ ਲਿਖਤ ਸ਼ਿਕਾਇਤਾਂ ਦਿੱਤੀਆਂ ਪਰ ਅਜੇ ਤੱਕ ਕੋਈ ਵੀ ਕਾਰਵਾਈ ਨਾ ਹੋਣ ਕਰ ਕੇ ਉਨ੍ਹਾਂ ਵੱਲੋਂ ਸਬਜ਼ੀ ਮੰਡੀ ਬੰਦ ਕੀਤੀ ਜਾਵੇਗੀ। ਆੜ੍ਹਤੀਆ ਐਸੋਸੀਏਸ਼ਨ ਦੇ ਚੇਅਰਮੈਨ ਮੋਨੂੰ ਪੁਰੀ, ਪ੍ਰਧਾਨ ਮਹਿੰਦਰਜੀਤ ਸਿੰਘ ਸ਼ੰਟੀ ਬਤਰਾ, ਗੋਲਡੀ ਖਾਲਸਾ, ਸੋਨੂੰ ਖਾਲਸਾ, ਡਿੰਪੀ ਸਚਦੇਵਾ ਦਾ ਕਹਿਣਾ ਹੈ ਕਿ ਠੇਕੇਦਾਰ ਵੱਲੋਂ ਦਿਨੋਂ-ਦਿਨ ਪਾਰਕਿੰਗ ਦੀ ਨਿਰਧਾਰਤ ਫੀਸ ਨਾਲੋ ਕਿਤੇ ਵੱਧ ਵਸੂਲੀ ਕੀਤੀ ਜਾ ਰਹੀ ਹੈ। ਵੱਧ ਵਸੂਲੀ ਦਾ ਵਿਰੋਧ ਕਰਨ 'ਤੇ ਠੇਕੇਦਾਰ ਦੇ ਬਾਊਂਸਰਾਂ ਵੱਲੋਂ ਗੈਰ-ਕਾਨੂੰਨੀ ਜਬਰੀ ਵਸੂਲੀ ਕਰ ਲਈ ਜਾਂਦੀ ਹੈ।



# ਪੁਰਾਣੀ ਰੰਜਿਸ਼ ਤਹਿਤ ਵਿਅਕਤੀ ਦਾ ਕਤਲ, 21 ਵਿਅਕਤੀਆਂ ਦੇ ਖਿਲਾਫ ਵੱਖ-ਵੱਖ ਧਰਾਵਾਂ ਹੇਠ ਮਾਮਲਾ

ਰਾਜਪੁਰਾ (ਲੋਕ ਬਾਣੀ)= ਪੁਰਾਣੀ ਤਕਰਾਰ ਦੇ ਮਾਮਲੇ ਵਿਚ ਇਕ ਵਿਅਕਤੀ ਉੱਤੇ ਹਮਲਾ ਕਰ ਕੇ ਉਸ ਨੂੰ ਜਾਨੋਂ ਮਾਰ ਦਿੱਤਾ ਗਿਆ। ਇਸ ਸਬੰਧੀ ਥਾਣਾ ਸ਼ੰਭੂ ਨੇ 21 ਵਿਅਕਤੀਆਂ ਦੇ ਖਿਲਾਫ ਵੱਖ-ਵੱਖ ਧਰਾਵਾਂ ਹੇਠ ਮਾਮਲਾ ਦਰਜ ਕੀਤਾ ਹੈ। ਥਾਣਾ ਸ਼ੰਭੂ ਪੁਲਿਸ ਕੋਲ ਅਲੀ ਵਾਸੀ ਪਿੰਡ ਮਨਸੂਰ ਥਾਣਾ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਹਾਲ ਵਾਸੀ ਨੇੜੇ ਇੰਡੀਅਨ ਪੈਟਰੋਲ ਪੰਪ ਪਿੰਡ ਡਾਹਰੀਆਂ ਨੇ ਬਿਆਨ ਦਰਜ ਕਰਵਾਏ ਕੇ ਉਸ ਦਾ ਭਰਾ ਹਾਰੀਮ (45) ਆਪਣੇ ਭਤੀਜੇ ਮੱਖਣ ਦੀਨ ਨਾਲ ਮੱਝਾਂ ਚਾਰਨ ਲਈ ਨੇੜਲੇ ਰਿਲਾਇੰਸ ਪੰਪ ਪਿੰਡ ਬਪਰੋਰ ਕੋਲ ਜਾ ਰਿਹਾ ਸੀ ਤੇ ਉਹ ਵੀ ਉਨ੍ਹਾਂ ਤੋਂ ਕੁਝ ਦੂਰੀ ਉੱਤੇ ਸਨ। ਇਸ ਦੌਰਾਨ 4 ਕਾਰਾਂ ਤੇ ਇਕ ਮੋਟਰਸਾਈਕਲ ਉੱਤੇ ਸਵਾਰ ਹੋ ਕੇ ਸ਼ਰੀਫ, ਫਰਮਾਨੂ, ਅਮਜੂ, ਸ਼ੋਕੂ, ਜਾਤੂ ਸਾਰੇ ਵਾਸੀਆਨ ਪਿੰਡ ਸੰਜੂਆ ਥਾਣਾ ਰਾਜਪਾਲ ਜ਼ਿਲ੍ਹਾ ਕਠੂਆ ਕਸ਼ਮੀਰ,




ਬਾਗਾ ਵਾਸੀ ਪਿੰਡ ਹਰੀਆ ਚੱਕ ਕਸ਼ਮੀਰ, ਮੱਖਣ ਵਾਸੀ ਨੇੜੇ ਕਦੀਪ ਡੇਰਾ ਅੰਮ੍ਰਿਤਸਰ ਰੋਡ ਬਟਾਲਾ ਤੇ 11 ਹੋਰ ਅਣਪਛਾਤੇ ਵਿਅਕਤੀ ਤੇ ਤਿੰਨ ਅਣਪਛਾਤੀਆਂ ਔਰਤਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਉਸ ਦੇ ਭਰਾ ਹਾਰੀਮ ਉੱਤੇ ਹਮਲਾ ਕਰ ਦਿੱਤਾ। ਜਦੋਂ ਉਹ ਖੁਦ ਅਤੇ ਉਸ ਦਾ ਭਤੀਜਾ ਛਡਾਉਣ ਲਈ ਗਏ ਤਾਂ ਮੁਲਜ਼ਮ ਉਹਨਾਂ ਦੇ ਪਿੱਛੇ ਪੈ ਗਏ ਅਤੇ ਉਹਨਾਂ ਨੇ ਮਸੋਂ ਭੱਜ ਕੇ ਜਾਨ ਬਚਾਈ, ਇਸ ਦੌਰਾਨ ਉਸ ਦੇ ਭਰਾ ਦੀ ਮੌਕੇ ਉੱਤੇ ਮੌਤ ਹੋ ਗਈ। ਇਸ 'ਤੇ ਥਾਣਾ ਸ਼ੰਭੂ ਪੁਲਿਸ ਨੇ ਬਿਆਨਾਂ ਦੇ ਅਧਾਰ ਉੱਤੇ ਤਿੰਨ ਔਰਤਾਂ ਸਮੇਤ 21 ਜਣਿਆਂ ਦੇ ਖਿਲਾਫ ਵੱਖ-ਵੱਖ ਧਰਾਵਾਂ ਹੇਠ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਜੰਡਿਆਲਾ ਗੁਰੂ 'ਚ ਵਾਪਰੀ ਵੱਡੀ ਵਾਰਦਾਤ, 3 ਅਣਪਛਾਤੇ ਨੌਜਵਾਨਾਂ ਨੇ ਵਕੀਲ 'ਤੇ ਚਲਾਈਆਂ ਗੋਲੀਆਂ

ਲੋਕ ਬਾਣੀ, ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਵਿਖੇ ਵਿਖੇ ਦਿਨ-ਦਿਹਾੜੇ ਵੱਡੀ ਵਾਰਦਾਤ ਵਾਪਰੀ ਹੈ। ਇਥੇ ਵਕੀਲ ਉਪਰ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਹਮਲੇ ਵਿਚ ਵਕੀਲ ਜ਼ਖਮੀ ਵੀ ਹੋਇਆ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਪੀੜਤ ਐਡਵੋਕੇਟ ਦੀ ਪਛਾਣ ਲਖਵਿੰਦਰ ਸਿੰਘ ਵਜੋਂ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਲਖਵਿੰਦਰ ਅੱਜ ਜਦੋਂ ਘਰ ਤੋਂ ਅੰਮ੍ਰਿਤਸਰ ਕੋਰਟ ਵੱਲ ਜਾ ਰਿਹਾ ਸੀ ਤਾਂ ਰਸਤੇ ਵਿਚ 3 ਅਣਪਛਾਤੇ ਹਮਲਾਵਰਾਂ 'ਤੇ ਉਸ 'ਤੇ ਫਾਇਰਿੰਗ ਕੀਤੀ। ਉਨ੍ਹਾਂ ਵੱਲੋਂ ਕਈ ਫਾਇਰ ਲਖਵਿੰਦਰ ਸਿੰਘ 'ਤੇ ਕੀਤੇ ਗਏ। ਵਕੀਲ ਦੀ ਗੱਡੀ 'ਤੇ ਵੀ ਗੋਲੀਆਂ ਦੇ ਨਿਸ਼ਾਨ ਹਨ।ਹਾਲਾਂਕਿ ਗੋਲੀਆਂ ਚਲਾਉਣ ਪਿੱਛੇ ਕੀ ਕਾਰਨ ਹੈ, ਕੋਈ ਰੰਜਿਸ਼ ਹੈ ਜਾਂ ਫਿਰੌਤੀ ਮੰਗੀ ਗਈ ਹੈ ਇਹ ਜਾਂਚ ਦਾ ਵਿਸ਼ਾ ਹੈ। ਜੰਡਿਆਲਾ ਗੁਰੂ ਦੇ ਡੀਐੱਸਪੀ ਰਵਿੰਦਰ ਸਿਘ ਦਾ ਕਹਿਣਾ ਹੈ ਕਿ ਜਲਦ ਹੀ ਨੌਜਵਾਨਾਂ ਨੂੰ ਟ?ਰੇਸ ਕਰ ਲਿਆ ਜਾਵੇਗਾ ਤੇ ਐਡਵੋਕੇਟ ਦੇ ਬਿਆਨਾਂ ਦੇ ਆਧਾਰ ਉਤੇ FIR ਦਰਜ ਕੀਤੀ ਜਾਵੇਗੀ। ਵਕੀਲ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। 2 ਗੋਲੀਆਂ ਵਕੀਲ ਦੇ ਲੱਗੀਆਂ ਹਨ ਪਰ ਰਾਹਤ ਦੀ ਗੱਲ ਹੈ ਕਿ ਵਕੀਲ ਲਖਵਿੰਦਰ ਸਿਘ ਦੀ ਹਾਲਤ ਹੁਣ ਖਤਰੇ ਤੋਂ ਬਾਹਰ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਸਾਨੂੰ ਗੋਲੀਆਂ ਦੇ 5 ਖੋਲ ਬਰਾਮਦ ਹੋਏ ਹਨ ਤੇ ਜਾਂਚ ਕੀਤੀ ਜਾ ਰਹੀ ਹੈ ਕਿ ਆਖਿਰ ਕਿਉਂ ਇਹ ਪੂਰੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ।




# ਪੰਜਾਬ 'ਚ ਹੜ੍ਹਾਂ ਦਾ ਖ਼ਤਰਾ; ਪੰਡੋਹ ਡੈਮ ਦੇ ਫਲੱਡ ਗੇਟ ਖੋਲ੍ਹੇ, ਦਰਿਆਵਾਂ 'ਚ ਵਧਿਆ ਪਾਣੀ ! ਸਹਿਮੇ ਲੋਕ


ਲੋਕ ਬਾਣੀ, ਭਾਰੀ ਬਾਰਿਸ਼ ਕਾਰਨ ਬਿਆਸ ਦਰਿਆ ਦੇ ਪਾਣੀ ਦਾ ਪੱਧਰ ਵਧ ਗਿਆ ਹੈ। ਸੋਮਵਾਰ ਸਵੇਰੇ ਬਿਆਸ ਦਰਿਆ ਤੋਂ ਪੰਡੋਹ ਬੰਨ੍ਹ ਵਿੱਚ 42,000 ਕਿਊਸਿਕ ਪਾਣੀ ਰਿਕਾਰਡ ਕੀਤਾ ਗਿਆ, ਜਿਸ ਤੋਂ ਬਾਅਦ ਬੀਬੀਐਮਬੀ ਪ੍ਰਸ਼ਾਸਨ ਨੇ ਸਾਵਧਾਨੀ ਵਰਤਦੇ ਹੋਏ ਬੰਨ੍ਹ ਦੇ ਪੰਜ ਗੇਟ ਖੋਲ੍ਹ ਦਿੱਤੇ ਅਤੇ ਬਿਆਸ ਦਰਿਆ ਵਿੱਚ ਲਗਭਗ 42,000 ਕਿਊਸਿਕ ਪਾਣੀ ਛੱਡਿਆ। ਬੰਨ੍ਹ ਦਾ ਪਾਣੀ ਦਾ ਪੱਧਰ ਲਗਭਗ 2920 ਫੁੱਟ ਦਰਜ ਕੀਤਾ ਗਿਆ, ਜੋ ਕਿ ਅਜੇ ਵੀ 2941 ਫੁੱਟ ਦੇ ਖ਼ਤਰੇ ਦੇ ਨਿਸ਼ਾਨ ਤੋਂ ਬਹੁਤ ਹੇਠਾਂ ਹੈ। ਬੀਬੀਐਮਬੀ ਪੰਡੋਹ ਦੇ ਕਾਰਜਕਾਰੀ ਇੰਜੀਨੀਅਰ ਚੰਦਰਮਣੀ ਸ਼ਰਮਾ ਨੇ ਕਿਹਾ ਕਿ ਇਸ ਸਮੇਂ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਘਬਰਾਉਣ ਦੀ ਕੋਈ ਗੱਲ ਨਹੀਂ ਹੈ। ਪਾਣੀ ਦੇ ਪੱਧਰ 'ਤੇ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਟੀਮਾਂ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਅਲਰਟ 'ਤੇ ਹਨ। ਇਸ ਵੇਲੇ ਬੱਗੀ ਸੁਰੰਗ ਤੋਂ ਬਿਜਲੀ ਉਤਪਾਦਨ ਲਈ ਦਹਿਰ ਪਾਵਰ ਹਾਊਸ ਨੂੰ ਲਗਭਗ 2000 ਕਿਊਸਿਕ ਪਾਣੀ ਭੇਜਿਆ ਜਾ ਰਿਹਾ ਹੈ। ਸੁਰੰਗ ਵਿੱਚ ਗਾਰੇ ਦੀ ਪੀਪੀਐਮ ਮਾਤਰਾ ਜ਼ਿਆਦਾ ਪਾਈ ਗਈ ਹੈ। ਜਿਵੇਂ ਹੀ ਗਾਰੇ ਦਾ ਪੱਧਰ ਵਧਦਾ ਹੈ, ਸੁਰੰਗ ਨੂੰ ਤੁਰੰਤ ਬੰਦ ਕਰ ਦਿੱਤਾ ਜਾਂਦਾ ਹੈ। ਪਰ ਅਜੇ ਤੱਕ ਅਜਿਹਾ ਕੋਈ ਖ਼ਤਰਾ ਨਹੀਂ ਹੈ।



## ਜਜ਼ਬਾਤਾਂ ਦਾ ਖ਼ਿਆਲ

ਉਸਨੇ ਮੇਰੇ ਜਜ਼ਬਾਤਾਂ ਦਾ ਖ਼ਿਆਲ ਨਹੀਂ ਕੀਤਾ,
ਮੈਂ ਵੀ ਉਸਨੂੰ ਆਪਣੇ ਮੂੰਹੋਂ ਕੋਈ ਸਵਾਲ ਨਹੀਂ ਕੀਤਾ,
ਉਹ ਗਾਉਂਦੀ ਰਹੀ ਗੀਤ ਪਿਆਰ ਦੇ ਗੈਰਾਂ ਸੰਗ,
ਮੈਂ ਉਸਨੂੰ ਬੇਵਫਾ ਕਹਿ ਕੇ ਬੇਸੁਰ,ਬੇਤਾਲ ਨਹੀਂ ਕੀਤਾ,
ਅੰਦਰ-ਅੰਦਰ ਬੜਾ ਰੋਂਦਾ ਰਿਹਾ ਦਿਲ ਮੇਰਾ,
ਮੈਂ ਹੰਝੂ ਪੂੰਝ ਕੇ ਆਪਣਾ ਗਿੱਲਾ ਰੁਮਾਲ ਨਹੀਂ ਕੀਤਾ,
ਖ਼ੂਨ ਉੱਤਰ ਕੇ ਆਉਂਦਾ ਰਿਹਾ ਭਾਵੇਂ ਅੱਖਾਂ ਵਿੱਚ,
ਪਰ ਫਿਰ ਵੀ ਜ਼ਾਹਿਰ ਮੈਂ ਆਪਣਾ ਮਲਾਲ ਨਹੀਂ ਕੀਤਾ,
ਜਿਸ ਨਾਲ ? ਵਾਅਦਾ ਕੀਤਾ ਸਦਾ ਨਿਭਾਉਂਦਾ ਰਿਹਾ,
'ਦਿਲਸ਼ਾਨ' ਨੇ ਧੋਖਾ ਕਦੇ ਵੀ ਕਿਸੇ ਨਾਲ ? ਨਹੀਂ ਕੀਤਾ।
ਦਿਲਸ਼ਾਨ , ਮੋਬਾਈਲ - 99143 04172





## ਬੱਦਲ ਫਟਣ ਕਾਰਨ ਭਾਰੀ ਤਬਾਹੀ, ਪਤੀ-ਪਤਨੀ ਦੀ ਮੌਤ !, ਪਤੀ ਨਾਲ ਪੇਕੇ ਘਰ ਆਈ ਸੀ ਪਤਨੀ

ਲੋਕ ਬਾਣੀ, ਹਿਮਾਚਲ ਪ੍ਰਦੇਸ਼ ਵਿੱਚ ਰਾਤ ਤੋਂ ਹੋ ਰਹੀ ਭਾਰੀ ਬਾਰਿਸ਼ ਨੇ ਜਨਜੀਵਨ ਪ੍ਰਭਾਵਿਤ ਕਰ ਦਿੱਤਾ ਹੈ। ਸਾਵਧਾਨੀ ਦੇ ਤੌਰ 'ਤੇ, ਅੱਜ, ਸੋਮਵਾਰ ਨੂੰ ਕਈ ਸਬ-ਡਵੀਜ਼ਨਾਂ ਦੇ ਸਾਰੇ ਵਿਦਿਅਕ ਅਦਾਰਿਆਂ ਵਿੱਚ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਚੰਬਾ ਜ਼ਿਲ੍ਹੇ ਵਿੱਚ ਮੀਂਹ ਦੇ ਕਹਿਰ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਕਾਰਨ ਸੜਕਾਂ ਬੰਦ ਹੋ ਗਈਆਂ ਹਨ। ਚੰਬਾ ਦੇ ਟੀਸਾ ਵਿੱਚ ਬੱਦਲ ਫਟਣ ਕਾਰਨ ਇੱਕ ਪੁਲ ਅਤੇ ਸੜਕਾਂ ਵਹਿ ਗਈਆਂ ਹਨ। ਮੌਸਮ ਵਿਭਾਗ ਨੇ ਅਗਲੇ 72 ਘੰਟਿਆਂ ਲਈ ਕਈ ਜ਼ਿਲ੍ਹਿਆਂ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਲਈ ਸੰਤਰੀ ਅਲਰਟ ਜਾਰੀ ਕੀਤਾ ਹੈ। ਭਾਰੀ ਮੀਂਹ ਕਾਰਨ ਚੰਬਾ ਦੇ ਮਾਹਲਾ ਵਿੱਚ ਚੜ੍ਹੀ ਪੰਚਾਇਤ ਦੇ ਸੁਤਾਹ ਪਿੰਡ ਵਿੱਚ ਇੱਕ ਨਵ-ਵਿਆਹੇ ਜੋੜੇ ਦੀ ਘਰ 'ਤੇ ਭਾਰੀ ਪੱਥਰ ਡਿੱਗਣ ਨਾਲ ਮੌਤ ਹੋ ਗਈ। ਕੁੜੀ ਆਪਣੇ ਪਤੀ ਨਾਲ ਆਪਣੇ ਮਾਪਿਆਂ ਦੇ ਘਰ ਆਈ ਸੀ ਅਤੇ ਰਾਤ ਨੂੰ ਹੋਏ ਹਾਦਸੇ ਵਿੱਚ ਦੋਵਾਂ ਦੀ ਜਾਨ ਚਲੀ ਗਈ। ਸੂਬੇ ਦੇ ਮੰਡੀ, ਕਾਂਗੜਾ, ਚੰਬਾ, ਸ਼ਿਮਲਾ, ਸਿਰਮੌਰ, ਸੋਲਨ, ਊਨਾ, ਬਿਲਾਸਪੁਰ, ਹਮੀਰਪੁਰ ਅਤੇ ਕੁੱਲੂ ਜ਼ਿਲ੍ਹਿਆਂ ਵਿੱਚ ਲਗਾਤਾਰ ਭਾਰੀ ਬਾਰਿਸ਼ ਹੋ ਰਹੀ ਹੈ। ਮੰਡੀ ਜ਼ਿਲ੍ਹੇ ਦੇ ਥੁਨਾਗ, ਕੁੱਲੂ ਜ਼ਿਲ੍ਹੇ ਦੇ ਅਨੀ, ਸ਼ਿਮਲਾ ਜ਼ਿਲ੍ਹੇ ਦੇ ਰੋਹੜੂ, ਜੁੱਬਲ, ਕੁਮਾਰਸੈਨ, ਚੌਪਾਲ ਅਤੇ ਸੁੰਨੀ ਦੀ ਜਲੂਗ ਉਪ-ਤਹਿਸੀਲ ਸਮੇਤ ਕਈ ਸਬ-ਡਿਵੀਜ਼ਨਾਂ ਵਿੱਚ ਸਕੂਲ ਅਤੇ ਆਂਗਣਵਾੜੀ ਕੇਂਦਰ ਬੰਦ ਰੱਖੇ ਗਏ ਹਨ।





## ਦਸ ਸਾਲ ਪੁਰਾਣੇ ਇਨਰ ਵਹੀਲ ਕਲੱਬ ਨੇ ਪ੍ਰਧਾਨ ਗੀਟਾ ਕਾਕ ਦੀ ਪ੍ਰਧਾਨਗੀ ਹੇਠ 21 ਦਿਨਾਂ ਵਿੱਚ ਸਮਾਜ ਸੇਵਾ ਦੇ ਕਈ ਪ੍ਰੋਜੈਕਟ ਕਰਕੇ ਮਿਸਾਲ ਕਾਇਮ ਕੀਤੀ

ਜ਼ੀਰਕਪੁਰ ( ਸਵਰਨ ਸਿੰਘ ਬਾਵਾ)- ਜ਼ੀਰਕਪੁਰ ਸ਼ਹਿਰ ਵਿੱਚ ਬੀਤੇ 10 ਸਾਲ ਤੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਮੋਹਰੀ ਇਨਰ ਵ ?ਹੀਲ ਕਲੱਬ ਦੀ ਨਵੀਂ ਬਣੀ ਪ੍ਰਧਾਨ ਸ਼ ?ਰੀਮਤੀ ਗੀਟਾ ਕਾਕ ਦੀ ਪ੍ਰਧਾਨਗੀ ਵਿੱਚ ਕਲੱਬ , ਜਿਸ ਦਾ ਕਾਰਜਕਾਲ 1 ਜੁਲਾਈ ਤੋਂ ਆਰੰਭ ਹੁੰਦਾ ਹੈ , ਨੇ 21 ਦਿਨਾਂ ਵਿੱਚ ਹੀ ਸਮਾਜ ਸੇਵਾ ਦੇ ਕਈ ਪ੍ਰੋਜੈਕਟ ਕਰਕੇ ਮਿਸਾਲ ਕਾਇਮ ਕੀਤੀ ਹੈ। ਕੀਤੇ ਪ੍ਰੋਜੈਕਟਾਂ ਦੀ ਜਾਣਕਾਰੀ ਦਿੰਦੇ ਹੋਏ ਕਲੱਬ ਦੀ ਪ੍ਰਧਾਨ ਗੀਟਾ ਕਾਕ ਨੇ ਦੱਸਿਆ ਕਿ ਉਹਨਾਂ ਦੀ ਪ੍ਰਧਾਨਗੀ ਹੇਠ ਕਈ ਸਲਾਹੁਣਯੋਗ ਪ੍ਰੋਜੈਕਟ ਸਫਲਤਾ ਪੂਰਵਕ ਕੀਤੇ ਗਏ ਹਨ । ਉਹਨਾਂ ਕਿਹਾ ਕਿ ' 'ਡਾਕਟਰਜ਼ ਡੇ' ਉੱਪਰ ਕਲੱਬ ਵੱਲੋਂ ਵਿਸ਼ੇਸ਼ ਸਨਮਾਨ ਸਮਾਰੋਹ ਕਰਕੇ ਇਲਾਕੇ ਦੇ ਲੋਕਾਂ ਦੀ ਨਿਰਸਵਾਰਥ ਸੇਵਾ ਕਰਨ ਵਾਲੇ ਡਾਕਟਰਾਂ ਨੂੰ ਸਨਮਾਨਿਤ ਕੀਤਾ ਗਿਆ ਹੈ । ' ਵਾਤਾਵਰਣ ਦਿਵਸ ' ਉੱਪਰ ਸਮਾਰੋਹ ਦਾ ਆਯੋਜਨ ਕਰਕੇ ਇਲਾਕੇ ਦੇ ਲੋਕਾਂ ਨੂੰ ਪਲਾਸਟਿਕ ਦੀਆਂ ਵਸਤੂਆਂ ਨਾ ਵਰਤਣ ਦਾ ਸੁਨੇਹਾ ਦਿੱਤਾ ਗਿਆ ਅਤੇ ਮਹਿਲਾਵਾਂ ਨੂੰ ਕੱਪੜੇ ਦੇ ਬਣੇ ਥੈਲੇ ਵਰਤਣ ਦੀ ਸਲਾਹ ਦਿੱਤੀ ਗਈ ਅਤੇ ਨਾਲ ਹੀ ਪੁਰਾਣੇ ਕੱਪੜਿਆਂ ਤੋਂ ਥੈਲੇ ਬਣਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ । ਇੱਕ ਹੋਰ ਪ੍ਰੋਜੈਕਟ ਵਿੱਚ ਜਰੂਰਤਮੰਦ ਮਹਿਲਾਵਾਂ ਨੂੰ ਉਹਨਾਂ ਦੇ ਸਨਮਾਨ ਅਤੇ ਸਿਹਤ ਨੂੰ ਬਰਕਰਾਰ ਰੱਖਣ ਲਈ ਮੁਫਤ ਸੈਨਟਰੀ ਪੈਡਸ ਵੰਡੇ ਗਏ ਜਿਸ ਦੀ ਹਰ ਪਾਸਿਓਂ ਸ਼ਲਾਘਾ ਕੀਤੀ ਗਈ । ਉਨਾਂ ਦੱਸਿਆ ਕਿ ਅੰਨਪੂਰਣਾ ਪ੍ਰੋਜੈਕਟ ਅਧੀਨ ਸਾਫ ਸਫਾਈ ਅਤੇ ਮਹਿਲਾਵਾਂ ਦੇ ਆਤਮ ਸਨਮਾਨ ਨੂੰ ਬਰਕਰਾਰ ਰੱਖਣ ਤੇ ਜੋਰ ਦਿੱਤਾ ਗਿਆ,ਜਰੂਰਤ ਮੰਦਾਂ ਨੂੰ ਲੰਗਰ ਵਰਤਾਇਆ ਗਿਆ। ਗੀਟਾ ਕਾਕ ਨੇ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਸਿਰਫ ਇੱਕ ਪਹਿਲ ਹੀ ਨਹੀਂ ਸਨ ਬਲਕਿ ਸਮਾਜ ਦੇ ਪ੍ਰਤੀ ਉਹਨਾਂ ਦੀ ਜਿੰਮੇਵਾਰੀ ਲਈ ਅਜਿਹਾ ਕੀਤਾ ਗਿਆ ਹੈ।






## ਜ਼ਿਲ੍ਹਾ ਪੱਧਰੀ ਸ਼ੂਟਿੰਗ ਚੈਂਪੀਅਨਸ਼ਿਪ ਖੇਲਾਂ 'ਚ ਜੈਸਮੀਨ ਸੈਣੀ ਨੇ ਪ੍ਰਾਪਤ ਕੀਤਾ ਗੋਲਡ ਮੈਡਲ - ਸਵਰਨ ਸਿੰਘ ਬਾਵਾ

ਜ਼ੀਰਕਪੁਰ (ਲੋਕ ਬਾਣੀ) ਜ਼ਿਲ੍ਹਾ ਰਾਈਫਲ ਸ਼ੂਟਿੰ ਗ ਐਸੋਸੀਏਸ਼ਨ ਮੋਹਾਲੀ ਵੱਲੋਂ ਜਿਲੇ ਪੱਧਰ ਦੀਆਂ ਕਰਵਾਈਆਂ ਗਈਆਂ ਖੇਡਾਂ ਦੌਰਾਨ ਜ਼ੀਰਕਪੁਰ ਦੀ ਵਸਨੀਕ ਜੈਸਮੀਨ ਕੌਰ ਸੈਣੀ ਨੇ ਪਹਿਲਾ ਸਥਾਨ ਪ੍ਰਾਪਤ ਕਰਦੇ ਹੋਏ ਗੋਲਡ ਮੈਡਲ ਹਾਸਲ ਕੀਤਾ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜ਼ਿਲ੍ਹਾ ਰਾਈਫਲ ਸ਼ੂਟਿੰਗ ਐਸੋਸੀਏਸ਼ਨ, ਮੋਹਾਲੀ ਵੱਲੋਂ 18 ਅਤੇ 19 ਜੁਲਾਈ ਨੂੰ ਜ਼ਿਲ੍ਹਾ ਪੱਧਰੀ ਖੇਲਾਂ ਕਰਵਾਈਆਂ ਗਈਆਂ। ਜਿਸ ਵਿੱਚ ਵੱਖ ਵੱਖ ਕੈਟਾਗਰੀ ਦੇ ਖਿਡਾਰੀਆਂ ਨੇ ਹਿੱਸਾ ਲਿਆ। ਮਹਿਲਾ ਯੂਥ ਕੈਟਾਗਰੀ ਵਿੱਚ 351 ਅੰਕ ਪ੍ਰਾਪਤ ਕਰਕੇ ਜੈਸਮੀਨ ਕੌਰ ਸੈਣੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ 350 ਅੰਕਾਂ ਨਾਲ ਅਨਮੋਲਦੀਪ ਨੇ ਦੂਸਰਾ ਅਤੇ 344 ਅੰਕਾਂ ਨਾਲ ਹਰਵਿੰਦਰ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇੱਥੇ ਦੱਸਣ ਯੋਗ ਹੈ ਕਿ ਜੈਸਮੀਨ ਕੌਰ ਸੈਣੀ ਵੱਲੋਂ ਪਿਛਲੇ ਕੁਝ ਸਮੇਂ ਦੌਰਾਨ ਅੱਛੇ ਪ੍ਰਦਰਸ਼ਨ ਕੀਤੇ ਗਏ ਹਨ, ਓਪਨ ਰਾਈਫਲ ਚੈਂਪੀਅਨਸ਼ਿਪ ਦੇਹਰਾਦੂਨ ਵਿਖੇ ਹੋਈ ਪ੍ਰਯੋਗਤਾ ਦੌਰਾਨ 347 ਅੰਕ ਪ੍ਰਾਪਤ ਕਰਕੇ ਇਸ ਖਿਡਾਰਨ ਵੱਲੋਂ ਨੈਸ਼ਨਲ ਚੈਂਪੀਅਨਸ਼ਿਪ ਲਈ ਕਵਾਲੀਫਾਈ ਕੀਤਾ ਜਾ ਚੁੱਕਾ ਹੈ।



## ਪੀ.ਐੱਮ.ਐੱਸ.ਐੱਸ. ਜਵਾਹਰ ਨਵੋਦਿਆ ਵਿਦਿਆਲਿਆ, ਦਬੁਰੀ (ਗੁਰਦਾਸਪੁਰ) ਵਿਖੇ ਕਲੱਸਟਰ ਪੱਧਰ ਦੇ ਖੋ-ਖੋ ਟਰਾਇਲ ਆਯੋਜਿਤ ਕੀਤੇ ਗਏ

ਦੀਨਾਨਗਰ, ( ਜਸਵਿੰਦਰ ਸਿੰਘ ) - ਪੀ.ਐੱਮ.ਐੱਸ.ਐੱਸ. ਜਵਾਹਰ ਨਵੋਦਿਆ ਵਿਦਿਆਲਿਆ, ਦਬੁਰੀ, ਗੁਰਦਾਸਪੁਰ ਵੱਲੋਂ ਦੋ ਰੋਜ਼ਾ ਕਲੱਸਟਰ ਪੱਧਰ ਦੇ ਖੋ-ਖੋ ਟਰਾਇਲਾਂ ਦੀ ਮੇਜ਼ਬਾਨੀ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਕਲੱਸਟਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਉਤਸ਼ਾਹਜਨਕ ਹੁਨਰ, ਟੀਮ ਵਰਕ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਲਈ ਵਿਦਿਆਲਿਆ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ, ਜੋ ਕਿ ਖੇਡ ਭਾਵਨਾ ਅਤੇ ਜਸ਼ਨ ਦੀ ਭਾਵਨਾ ਨੂੰ ਦਰਸਾਉਂਦਾ ਸੀ। ਰੰਗੀਨ ਬੈਨਰਾਂ ਅਤੇ ਜੀਵੰਤ ਡਿਸਪਲੇਅ ਨੇ ਹੋਰ ਜੇਐਨਵੀ ਅਤੇ ਐਸਕਾਰਟਸ ਦੇ 66 ਭਾਗੀਦਾਰਾਂ ਲਈ ਇੱਕ ਤਿਉਹਾਰ ਅਤੇ ਸਵਾਗਤਯੋਗ ਮਾਹੌਲ ਬਣਾਇਆ ਪ੍ਰਿੰਸੀਪਲ ਸ਼੍ਰੀ ਸੁਸ਼ੀਲ ਕੁਮਾਰ ਦੀ ਗਤੀਸ਼ੀਲ ਅਗਵਾਈ ਹੇਠ, ਅਤੇ ਪੂਰੇ ਸਕੂਲ ਸਟਾਫ ਦੇ ਅਟੁੱਟ ਸਮਰਥਨ ਅਤੇ ਪ੍ਰੇਰਣਾ ਨਾਲ, ਟਰਾਇਲ ਸੁਚਾਰੂ ਅਤੇ ਕੁਸ਼ਲਤਾ ਨਾਲ ਕਰਵਾਏ ਗਏ। ਇਸ ਸਮਾਗਮ ਨੇ ਉਭਰਦੇ ਐਥਲੀਟਾਂ ਨੂੰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਅਤੇ ਉੱਚ-ਪੱਧਰੀ ਮੁਕਾਬਲਿਆਂ ਲਈ ਆਪਣਾ ਸਥਾਨ ਸੁਰੱਖਿਅਤ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ। ਮਾਹਰ ਰੈਫਰੀ ਅਤੇ ਸਰੀਰਕ ਸਿੱਖਿਆ ਅਧਿਆਪਕਾਂ ਦੇ ਇੱਕ ਪੈਨਲ ਨੇ ਹਰੇਕ ਭਾਗੀਦਾਰ ਦੇ ਪ੍ਰਦਰਸ਼ਨ ਦਾ ਨਿਰਪੱਖਤਾ ਅਤੇ ਸ਼ੁੱਧਤਾ ਨਾਲ ਨਿਰਣਾ ਕੀਤਾ ਪ੍ਰਿੰਸੀਪਲ ਸ਼੍ਰੀ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਇਹਨਾਂ ਟਰਾਇਲਾਂ ਵਿੱਚੋਂ ਚੁਣੇ ਗਏ ਵਿਦਿਆਰਥੀ ਹੁਣ ਆਉਣ ਵਾਲੀਆਂ ਖੇਤਰੀ ਪੱਧਰੀ ਖੋ-ਖੋ ਖੇਡਾਂ ਵਿੱਚ ਕਲੱਸਟਰ ਦੀ ਨੁਮਾਇੰਦਗੀ ਕਰਨਗੇ, ਜੋ ਕਿ ਰਾਸ਼ਟਰੀ ਪੱਧਰ ਦੀ ਮਾਨਤਾ ਦੇ ਇੱਕ ਕਦਮ ਦੇ ਨੇੜੇ ਹੈ। ਉਨ੍ਹਾਂ ਕਿਹਾ ਕਿ ਵਿਦਿਆਲਿਆ ਨੌਜਵਾਨ ਪ੍ਰਤਿਭਾ ਨੂੰ ਪਾਲਣ ਅਤੇ ਵਿਦਿਆਰਥੀਆਂ ਵਿੱਚ ਖੇਡਾਂ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਟਰਾਇਲਾਂ ਦਾ ਸਫਲ ਸੰਗਠਨ ਇਸ ਵਚਨਬੱਧਤਾ ਦਾ ਪ੍ਰਮਾਣ ਹੈ




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਪੰਜਾਬ ਸਰਕਾਰ ਲੋਕਾਂ ਦੀ ਸਹੂਲਤ ਲਈ 44 ਹੋਰ ਸੇਵਾ ਕੇਂਦਰ ਖੋਲ੍ਹੇਗੀ : ਰਮਨ ਬਹਿਲ

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਬਿਹਤਰ ਸ਼ਾਸਨ ਅਤੇ ਕੁਸ਼ਲ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਕੇ ਨਾਗਰਿਕਾਂ ਨੂੰ ਹੋਰ ਬਿਹਤਰ ਅਨੁਭਵ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਸੂਬੇ ਭਰ ਵਿੱਚ ਹੋਰ 44 ਸੇਵਾ ਕੇਂਦਰ ਕਾਰਜਸ਼ੀਲ ਕਰਕੇ ਪ੍ਰਸ਼ਾਸਨਿਕ ਸੇਵਾਵਾਂ ਨੈੱਟਵਰਕ ਦਾ ਵਿਸਥਾਰ ਕਰਨ ਜਾ ਰਹੀ ਹੈ। ਇਸ ਵਿਸਥਾਰ ਤਹਿਤ 16 ਨਵੇਂ ਸੇਵਾ ਕੇਂਦਰਾਂ ਖੋਲ੍ਹੇ ਜਾਣਗੇ ਅਤੇ ਬੰਦ ਪਏ 28 ਕੇਂਦਰਾਂ ਨੂੰ ਮੁੜ ਕਾਰਜਸ਼ੀਲ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਸੂਬੇ ਵਿੱਚ ਛੇ ਸੇਵਾ ਕੇਂਦਰਾਂ ਦੇ ਕਾਊਂਟਰਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਪੰਜਾਬ ਸਰਕਾਰ ਦੇ ਇਸ ਉਪਰਾਲੇ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਲਗਭਗ 4.10 ਕਰੋੜ ਰੁਪਏ ਦੀ ਲਾਗਤ ਨਾਲ 16 ਨਵੇਂ ਸੇਵਾ ਕੇਂਦਰਾਂ ਦਾ ਨਿਰਮਾਣ ਕੀਤਾ ਜਾਵੇਗਾ ਅਤੇ 1.54 ਕਰੋੜ ਰੁਪਏ ਦੀ ਲਾਗਤ ਨਾਲ 28 ਸੇਵਾ ਕੇਂਦਰਾਂ ਨੂੰ ਦੁਬਾਰਾ ਕਾਰਜਸ਼ੀਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਿਸਥਾਰ ਦਾ ਉਦੇਸ਼ ਨਾਗਰਿਕਾਂ ਨੂੰ ਸੁਵਿਧਾਜਨਕ ਅਤੇ ਪਾਰਦਰਸ਼ੀ ਢੰਗ ਨਾਲ 500 ਤੋਂ ਵੱਧ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਸੇਵਾ ਕੇਂਦਰਾਂ ਰਾਹੀਂ ਈ-ਗਵਰਨੈਂਸ ਅਤੇ ਨਾਗਰਿਕ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣਾ ਹੈ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਜਨਤਕ ਸਹੂਲਤਾਂ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਸੇਵਾ ਕੇਂਦਰਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਜਾਵੇਗਾ, ਜਿਸ ਵਿੱਚ ਬਿਹਤਰ ਉਡੀਕ ਖੇਤਰ, ਬੈਠਣ ਦੀ ਜਗਾਹ, ਏਅਰ ਕੰਡੀਸ਼ਨਿੰਗ ਅਤੇ ਹੋਰ ਜ਼ਰੂਰੀ ਸਹੂਲਤਾਂ ਸ਼ਾਮਲ ਹੋਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਉਪਾਵਾਂ ਦਾ ਉਦੇਸ਼ ਨਾਗਰਿਕਾਂ ਦੇ ਅਨੁਭਵ ਤੇ ਸੇਵਾ ਕੇਂਦਰ ਦੀ ਪਹੁੰਚਯੋਗਤਾ ਨੂੰ ਵਧਾਉਣਾ ਅਤੇ ਸੇਵਾਵਾਂ ਲਈ ਵਧਦੀ ਮੰਗ ਦਾ ਪ੍ਰਬੰਧਨ ਕਰਨਾ ਅਤੇ ਕੁਝ ਕੇਂਦਰਾਂ 'ਤੇ ਭੀੜ ਨੂੰ ਘਟਾਉਣ ਵਿੱਚ ਮਦਦ ਕਰਨਾ ਹੈ



# ਜ਼ਿਲ੍ਹਾ ਗੁਰਦਾਸਪੁਰ ਵਿੱਚ ਮੂੰਹ ਢੱਕ ਕੇ ਪੈਦਲ ਚੱਲਣ ਜਾਂ ਵਾਹਨ ਚਲਾਉਣ 'ਤੇ ਪਾਬੰਦੀ ਲਗਾਈ

ਗੁਰਦਾਸਪੁਰ, ਜਸਵਿੰਦਰ ਸਿੰਘ ) - ਜ਼ਿਲ੍ਹਾ ਗੁਰਦਾਸਪੁਰ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਅਤੇ ਵੱਧ ਰਹੇ ਅਪਰਾਧਾਂ ਨੂੰ ਠੱਲ੍ਹ ਪਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਅਹਿਮ ਫੈਸਲਾ ਲਿਆ ਗਿਆ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ, ਗੁਰਦਾਸਪੁਰ, ਸ੍ਰੀ ਹਰਜਿੰਦਰ ਸਿੰਘ, ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿੱਚ ਕਿਸੇ ਵੀ ਵਿਅਕਤੀ ਵੱਲੋਂ ਆਪਣੇ ਮੂੰਹ ਨੂੰ ਕੱਪੜੇ ਨਾਲ ਢੱਕ ਕੇ ਪੈਦਲ ਚੱਲਣ ਜਾਂ ਦੋ-ਪਹੀਆ ਵਾਹਨ ਚਲਾਉਣ ▾ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਮਨਾਹੀ ਦੇ ਇਹ ਹੁਕਮ ਜਾਰੀ ਕਰਦਿਆਂ



ਕਿਹਾ ਕਿ ਇਹ ਫੈਸਲਾ ਸ਼ਹਿਰਾਂ ਅਤੇ ਵੱਖ-ਵੱਖ ਇਲਾਕਿਆਂ ਵਿੱਚ ਲਗਾਤਾਰ ਵੱਧ ਰਹੀਆਂ ਲੁੱਟ-ਖੋਹਾਂ, ਕਤਲਾਂ, ਡਕੈਤੀਆਂ ਅਤੇ ਚੇਨ ਸਨੈਚਿੰਗ ਵਰਗੀਆਂ ਵਾਰਦਾਤਾਂ ਦੇ ਮੱਦੇਨਜ਼ਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਜਦੋਂ ਵੀ ਸੀ.ਸੀ.ਟੀ.ਵੀ. ਫੁਟੇਜ ਦੀ ਜਾਂਚ ਕੀਤੀ ਜਾਂਦੀ ਹੈ, ਤਾਂ ਅਪਰਾਧੀਆਂ ਦੇ ਮੂੰਹ ਕੱਪੜੇ ਜਾਂ ਮਾਸਕ ਨਾਲ ਪੂਰੀ ਤਰ੍ਹਾਂ ਢੱਕੇ ਹੁੰਦੇ ਹਨ, ਜਿਸ ਕਾਰਨ ਉਨ੍ਹਾਂ ਦੀ ਪਛਾਣ ਕਰਨਾ ਮੁਸ਼ਕਲ ਹੋ ਜਾਂਦਾ ਹੈ। ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਲਾਜ਼ਮੀ ਕੀਤਾ ਗਿਆ ਹੈ ਕਿ ਕੋਈ ਵੀ ਵਿਅਕਤੀ ਆਪਣੇ ਮੂੰਹ ਨੂੰ ਕੱਪੜੇ ਨਾਲ ਢੱਕ ਕੇ ਪੈਦਲ ਚੱਲਣ ਜਾਂ ਦੋ-ਪਹੀਆ ਵਾਹਨ ਨਹੀਂ ਚਲਾਏਗਾ। ਜੇਕਰ ਕਿਸੇ ਵਿਅਕਤੀ ਨੇ ਇਨ੍ਹਾਂ ਹੁਕਮਾਂ ਦੀ ਉਲੰਘਣਾਂ ਕੀਤੀ ਤਾਂ ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਮਨਾਹੀ ਦਾ ਇਹ ਇਹ ਹੁਕਮ ਮਿਤੀ 18 ਜੁਲਾਈ 2025 ਤੋਂ ਮਿਤੀ 17 ਅਕਤੂਬਰ 2025 ਤੱਕ ਲਾਗੂ ਰਹੇਗਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਇਹ ਹੁਕਮ ਇੱਕਤਰਫਾ ਪਾਸ ਕੀਤਾ ਗਿਆ ਹੈ।

# 31 ਭੋਲਾ ਸ਼੍ਰੀ ਪ੍ਰਾਚੀਨ ਪੰਚਮੁਖੀ ਸ਼ਿਵ ਮੰਦਰ ਮੇਨ ਬਜ਼ਾਰ ਤੋਂ ਕਾਵੜ ਲੈਣ ਲਈ ਰਵਾਨਾ ਹੋਏ, ਜਿਨ੍ਹਾਂ ਦਾ ਭਲਕੇ 23 ਜੁਲਾਈ ਨੂੰ ਵਾਪਸੀ 'ਤੇ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ


## 31 ਭੋਲਾ ਸ਼ਿਵ ਲਿੰਗ 'ਤੇ ਜਲਾਭਿਸ਼ੇਕ ਕਰਨਗੇ - ਰਾਜ ਕੁਮਾਰ ਸ਼ਰਮਾ

ਜੀਵਨ ਕੁਮਾਰ ਚੰਡੀਗੜ੍ਹ-ਸ਼੍ਰੀ ਪ੍ਰਾਚੀਨ ਪੰਚਮੁਖੀ ਸ਼ਿਵ ਮੰਦਰ ਮੇਨ ਬਜ਼ਾਰ ਦੇ ਮੁਖੀ ਸ਼੍ਰੀ ਰਾਜ ਕੁਮਾਰ ਸ਼ਰਮਾ ਨੇ ਦੱਸਿਆ ਕਿ 20 ਜੁਲਾਈ ਨੂੰ ਸ਼੍ਰੀ ਪ੍ਰਾਚਿਨ ਪੰਚਮੁਖੀ ਸ਼ਿਵ ਮੰਦਰ ਮੇਨ ਬਜ਼ਾਰ ਤੋਂ 31 ਭੋਲਾ ਕਾਵੜ ਲੈਣ ਲਈ ਰਵਾਨਾ ਹੋਏ ਸਨ, ਜਿਨ੍ਹਾਂ ਦਾ ਹੁਣ ਭਲਕੇ 23 ਜੁਲਾਈ ਨੂੰ ਸ਼ਾਮ 4 ਵਜੇ ਵਾਪਸੀ 'ਤੇ ਢੋਲ ਅਤੇ ਬੈਂਡ ਨਾਲ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ। 31 ਭੋਲਾ ਸ਼ਿਵਜੀ ਭੋਲੇਨਾਥ ਸ਼ਿਵਲਿੰਗ 'ਤੇ ਜਲਾਭਿਸ਼ੇਕ ਕਰਨਗੇ। ਮੁਖੀ ਸ਼੍ਰੀ ਰਾਜ ਕੁਮਾਰ ਸ਼ਰਮਾ ਨੇ ਦੱਸਿਆ ਕਿ ਭਲਕੇ 23 ਜੁਲਾਈ ਨੂੰ ਸਵੇਰ ਤੋਂ ਸ਼੍ਰੀ ਪ੍ਰਾਚੀਨ ਪੰਚਮੁਖੀ ਸ਼ਿਵ ਮੰਦਰ ਮੇਨ ਬਜ਼ਾਰ ਵਿਖੇ ਸੰਗਤਾਂ ਨੂੰ ਖੀਰ ਅਤੇ ਮਾਲਪੂਆਂ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ। ਸਾਰੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਕਾਵੜ ਲੈ ਕੇ ਵਾਪਸ ਆਉਣ 'ਤੇ, ਉਹ ਭਗਵਾਨ ਸ਼ਿਵ ਦੇ ਸਵਾਗਤ ਅਤੇ ਭਗਵਾਨ ਸ਼ਿਵ ਦੇ ਜਲ ਅਭਿਸ਼ੇਕ ਲਈ ਜ਼ਰੂਰ ਪਹੁੰਚਣ ਅਤੇ ਭਗਵਾਨ ਸ਼ਿਵ ਦਾ ਆਸ਼ੀਰਵਾਦ ਪ੍ਰਾਪਤ ਕਰਨ।



# ਜਨਮ ਦਿਨ ਮੁਬਾਰਕ

ਨਾਮ ਗਗਨਪ੍ਰੀਤ ਕੌਰ
ਪਿਤਾ ਸੁਖਦੇਵ ਸਿੰਘ ਸੁੱਖਾ
ਮਾਤਾ ਜਸਵੀਰ ਕੌਰ
ਪਿੰਡ ਖੈਰਪੁਰ (ਮੋਹਾਲੀ) ਨਿਊ ਚੰਡੀਗੜ੍ਹ



# ਡਿਪਟੀ ਕਮਿਸ਼ਨਰ ਨੇ ਐਸ.ਡੀ.ਐਮਜ਼ ਨੂੰ 31 ਜੁਲਾਈ ਤੱਕ ਜ਼ਿਲ੍ਹੇ 'ਚ ਸਰਕਾਰੀ ਜ਼ਮੀਨ ਦੀ ਪਛਾਣ ਕਰਨ ਤੇ ਸਾਈਨ ਬੋਰਡ ਲਗਾਉਣ ਲਈ ਕਿਹਾ

## ਕਿਹਾ ਇਸ ਕਦਮ ਦਾ ਉਦੇਸ਼ ਸਰਕਾਰੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਬਚਾਉਣਾ

ਜਲੰਧਰ, (ਲੋਕ ਬਾਣੀ) : ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸੋਮਵਾਰ ਨੂੰ ਜਲੰਧਰ ਜ਼ਿਲ੍ਹੇ ਦੇ ਸਾਰੇ ਸਬ ਡਵੀਜ਼ਨਲ ਮੈਜਿਸਟ੍ਰੇਟਸ (ਐਸ.ਡੀ.ਐਮਜ਼.) ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਪ੍ਰੋਵੀਨਸ਼ੀਅਲ ਅਤੇ ਕੇਂਦਰ ਸਰਕਾਰ ਦੀ ਜ਼ਮੀਨ ਦੀ ਪਛਾਣ ਕਰਨ ਅਤੇ ਅਜਿਹੀਆਂ ਜਾਇਦਾਦਾਂ ਨੂੰ ਸਪਸ਼ਟ ਤੌਰ 'ਤੇ ਸਰਕਾਰੀ ਮਾਲਕੀ ਵਾਲੀਆਂ ਦਰਸਾਉਂਦੇ ਸਾਈਨ ਬੋਰਡ ਲਗਾਉਣ ਦੀ ਹਦਾਇਤ ਕੀਤੀ। ਇਹ ਨਿਰਦੇਸ਼ ਸਰਕਾਰੀ ਜ਼ਮੀਨਾਂ 'ਤੇ ਗੈਰ-ਕਾਨੂੰਨੀ ਕਬਜ਼ਿਆਂ ਸੰਬੰਧੀ ਸ਼ਿਕਾਇਤਾਂ ਦੇ ਮੱਦੇਨਜ਼ਰ ਜਾਰੀ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਕਦਮ ਨਾਲ ਪ੍ਰਸ਼ਾਸਨ ਨੂੰ ਇਨ੍ਹਾਂ ਜ਼ਮੀਨਾਂ 'ਤੇ ਪਾਏ ਗਏ ਕਿਸੇ ਵੀ ਕਬਜ਼ੇ ਵਿਰੁੱਧ ਸਮੇਂ ਸਿਰ ਕਾਰਵਾਈ ਕਰਨ ਵਿੱਚ ਮਦਦ ਮਿਲੇਗੀ। ਡਾ. ਅਗਰਵਾਲ ਨੇ ਐਸ.ਡੀ.ਐਮਜ਼ ਨੂੰ ਇਨ੍ਹਾਂ ਖਾਲੀ ਪਈਆਂ ਜ਼ਮੀਨਾਂ 'ਤੇ ਅਸਥਾਈ ਤੌਰ 'ਤੇ ਪਾਰਕ ਅਤੇ ਖੇਡ ਮੈਦਾਨ ਵਿਕਸਿਤ ਕਰਨ ਲਈ ਤਜਵੀਜ਼ਾਂ ਭੇਜਣ ਦੇ ਵੀ ਨਿਰਦੇਸ਼ ਦਿੱਤੇ ਤਾਂ ਜੋ ਇਨ੍ਹਾਂ ਦੀ ਸਰਬਓਤਮ ਵਰਤੋਂ ਯਕੀਨੀ ਬਣਾਈ ਜਾ ਸਕੇ ਅਤੇ ਅਣ-ਅਧਿਕਾਰਤ ਕਬਜ਼ਿਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਖਾਲੀ ਪਈ ਸਰਕਾਰੀ ਜ਼ਮੀਨ ਲੋਕਾਂ ਦੀ ਸੁਵਿਧਾ ਲਈ ਵਰਤਣ ਨਾਲ ਸਮਾਜ ਦੀ ਸੇਵਾ ਹੋਵੇਗੀ ਅਤੇ ਨਾਲ ਹੀ ਜਾਇਦਾਦਾਂ ਨੂੰ ਗੈਰ-ਕਾਨੂੰਨੀ ਕਬਜ਼ਿਆਂ ਤੋਂ ਵੀ ਬਚਾਇਆ ਜਾ ਸਕੇਗਾ।



# ਵਿਕਸਿਤ ਅੰਮ੍ਰਿਤਸਰ ਸਿਰਫ਼ ਇੱਕ ਪਹਿਲਕਦਮੀ ਨਹੀਂ ਹੈ, ਸਗੋਂ ਇੱਕ ਵਿਜ਼ਨ, ਸਮਰਪਣ ਅਤੇ ਜ਼ਿੰਮੇਵਾਰੀ ਦੀ ਇੱਕ ਲਹਿਰ ਹੈ: ਤਰਨਜੀਤ ਸਿੰਘ ਸੰਧੂ

## ਕਿਹਾ,ਅੰਮ੍ਰਿਤਸਰ ਨੂੰ ਦੁਬਾਰਾ ਉਨ੍ਹਾਂ ਉਚਾਈਆਂ 'ਤੇ ਲਿਜਾਣ ਲਈ ਉਤਸੁਕ ਹਾਂ ਜਿਸ ਦਾ ਇਹ ਸ਼ਹਿਰ ਹੱਕਦਾਰ ਹੈ

ਅੰਮ੍ਰਿਤਸਰ, (ਲੋਕ ਬਾਣੀ)- ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ, ਯੂਐਸ-ਇੰਡੀਆ ਸਟ੍ਰੈਟਜਿਕ ਪਾਰਟਨਰਸ਼ਿਪ ਫੋਰਮ ਦੇ ਮੌਜੂਦਾ ਸਲਾਹਕਾਰ ਅਤੇ ਜੀਓਪੋਲਿਟਿਕਲ ਇੰਸਟੀਚਿਊਟ ਦੇ ਚੇਅਰਮੈਨ ਤਰਨਜੀਤ ਸਿੰਘ ਸੰਧੂ ਨੇ ਲੋਕ ਸਭਾ ਚੋਣਾਂ ਦੌਰਾਨ ਅੰਮ੍ਰਿਤਸਰ ਦੇ ਵਿਕਾਸ ਦਾ ਜੋ ਸੰਕਲਪ ਪੇਸ਼ ਕੀਤਾ ਉਸ ਨੂੰ ਸਾਕਾਰ ਕਰਨ ਲਈ ÷ਵਿਕਸਿਤ ਅੰਮ੍ਰਿਤਸਰ÷ ਰਾਹੀਂ ਪੂਰੀ ਤਤਪਰਤਾ ਨਾਲ ਕੰਮ ਕਰਨਾ ਜਾਰੀ ਰੱਖਿਆ ਹੋਇਆ ਹੈ। ਉਹ ਪ੍ਰਵਾਸੀ ਭਾਰਤੀਆਂ, ਖ਼ਾਸ ਕਰਕੇ ਅੰਮ੍ਰਿਤਸਰ ਨਾਲ ਜੁੜੇ ਗਲੋਬਲ ਭਾਰਤੀ ਭਾਈਚਾਰੇ ਦੇ ਸਮਰਥਨ ਨਾਲ ਅੰਮ੍ਰਿਤਸਰ ਦੀ ਆਰਥਿਕ, ਆਧੁਨਿਕ ਅਤੇ ਸਮਾਜਿਕ ਤਸਵੀਰ ਨੂੰ ਬਦਲਣ ਵਿੱਚ ਰੁੱਝੇ ਹੋਏ ਹਨ। ਭਾਵੇਂ ਅੰਮ੍ਰਿਤਸਰ ਇਤਿਹਾਸਕ ਤੌਰ 'ਤੇ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿੱਚੋਂ ਇੱਕ ਰਿਹਾ ਹੈ, ਪਰ ਅੱਜ ਵੀ ਇਹ ਸ਼ਹਿਰ ਬਹੁਤ ਸਾਰੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਨਾਲ ਜੂਝ ਰਿਹਾ ਹੈ ਅਤੇ ਇੱਕ ਚੌਰਾਹੇ 'ਤੇ ਖੜ੍ਹਾ ਹੈ। ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ÷ਵਿਕਸਿਤ ਅੰਮ੍ਰਿਤਸਰ÷ ਅਧੀਨ ਠੋਸ ਯਤਨ ਕੀਤੇ ਜਾ ਰਹੇ ਹਨ। ਇਹ ਪਹਿਲਕਦਮੀ ਸਿਹਤ, ਸੈਰ-ਸਪਾਟਾ, ਖੇਤੀਬਾੜੀ, ਉਦਯੋਗ, ਵਪਾਰ, ਸਿੱਖਿਆ, ਸੂਚਨਾ ਤਕਨਾਲੋਜੀ, ਮਹਿਲਾ ਸਸ਼ਕਤੀਕਰਨ ਅਤੇ ਨੌਜਵਾਨ ਸਟਾਰਟਅੱਪ ਨੂੰ ਉਤਸ਼ਾਹਿਤ ਕਰਨ ਵਰਗੇ ਖੇਤਰਾਂ 'ਤੇ ਕੇਂਦਰਿਤ ਹੈ। ÷ਵਿਕਸਿਤ ਅੰਮ੍ਰਿਤਸਰ÷ ਦਾ ਕੇਂਦਰੀ ਦਫ਼ਤਰ ਸਮੁੰਦਰੀ ਹਾਊਸ, ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਗਿਆ ਹੈ। ਤਰਨਜੀਤ ਸਿੰਘ ਸੰਧੂ ÷ਵਿਕਸਿਤ ਅੰਮ੍ਰਿਤਸਰ÷ ਦੇ ਸੰਸਥਾਪਕ ਅਤੇ ਸੀਨੀਅਰ ਭਾਜਪਾ ਨੇਤਾ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਡਾ.ਐਸ. ਜੈਸ਼ੰਕਰ ਦੇ ਭਰੋਸੇਮੰਦ ਸਹਾਇਕ ਵੀ ਹਨ ਨੇ ਸੰਤੁਸ਼ਟੀ ਪ੍ਰਗਟ



ਕੀਤੀ ਅਤੇ ਕਿਹਾ ਕਿ ਸੰਸਥਾ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਜੋ ਕਿ ਜਾਤ ਅਤੇ ਧਰਮ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਵਿੱਚ ਲੱਗੀ ਹੋਈ ਹੈ ਅਤੇ ਚਿਨਮਯਾ ਮਿਸ਼ਨ, ਅੰਮ੍ਰਿਤਸਰ, ਜੋ ਕਿ ਧਰਮ ਗ੍ਰੰਥਾਂ ਦੇ ਸ਼ੁੱਧ ਗਿਆਨ ਦੇ ਪ੍ਰਸਾਰ ਵਿੱਚ ਯੋਗਦਾਨ ਪਾਉਣ ਵਾਲੀ ਇੱਕ ਅਧਿਆਤਮਿਕ ਸੰਸਥਾ ਹੈ, ਦਾ ਸਮਰਥਨ ਅਤੇ ਮਾਲੀ ਯੋਗਦਾਨ ਪਾ ਕੇ ਖ਼ੁਸ਼ ਹੈ, ਇਸ ਤੋਂ ਇਲਾਵਾ ਰੋਟਰੀ ਇੰਟਰਨੈਸ਼ਨਲ ਕਲੱਬ ਵੱਲੋਂ ਅਜਨਾਲਾ ਦੇ ਨੇੜੇ ਬਣਾਏ ਜਾ ਰਹੇ ਰੋਟਰੀ ਇੰਟਰਨੈਸ਼ਨਲ ਹਸਪਤਾਲ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਸ. ਸੰਧੂ ਨੇ ਅੱਗੇ ਕਿਹਾ ਕਿ 'ਵਿਕਸਿਤ ਅੰਮ੍ਰਿਤਸਰ' ਨੇ ਅੰਮ੍ਰਿਤਸਰ ਨੂੰ ਇੱਕ ਗਲੋਬਲ ਵਿੱਦਿਅਕ ਅਤੇ ਉਦਯੋਗਿਕ ਹੱਬ ਬਣਾਉਣ ਵੱਲ ਵੀ ਮਹੱਤਵਪੂਰਨ ਕਦਮ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 'ਵਿਕਸਤ ਅੰਮ੍ਰਿਤਸਰ' ਨੇ ਪਹਿਲੇ ਪੜਾਅ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਮੈਰੀਲੈਂਡ ਸਟੇਟ ਯੂਨੀਵਰਸਿਟੀ ਵਿਚਕਾਰ ਸਹਿਯੋਗ ਸਥਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਜੀਐਨਡੀਯੂ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਪਹਿਲਾਂ ਹੀ ਮੈਰੀਲੈਂਡ ਯੂਨੀਵਰਸਿਟੀ ਦਾ ਦੌਰਾ ਕਰ ਚੁੱਕੇ ਹਨ ਅਤੇ ਜਲਦੀ ਹੀ ਮੈਰੀਲੈਂਡ ਸਟੇਟ ਦੇ ਗਵਰਨਰ ਜੀਐਨਡੀਯੂ ਨਾਲ ਐਮ ਓ ਯੂ 'ਤੇ ਦਸਤਖ਼ਤ ਕਰਨ ਅਤੇ ਕੰਪਿਊਟਰ ਸਾਇੰਸ ਦੇ ਖੇਤਰ ਵਿੱਚ ਆਧੁਨਿਕ ਪਹੁੰਚ ਅਪਣਾਉਣ ਲਈ ਇੱਕ ਵਫ਼ਦ ਨਾਲ ਅੰਮ੍ਰਿਤਸਰ ਦਾ ਦੌਰਾ ਕਰਨਗੇ। ਉਨ੍ਹਾਂ ਦੱਸਿਆ ਕਿ ਵਿਕਸਤ ਅੰਮ੍ਰਿਤਸਰ ਮੈਰੀਲੈਂਡ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕਰੇਗਾ।

# ਕੈਬਨਿਟ ਮੰਤਰੀ ਲਾਲਜੀਤ ਭੁੱਲਰ ਨੇ ਤਹਿਸੀਲ ਦਫ਼ਤਰ ਦਾ ਦੌਰਾ ਕਰ ਕੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਸਮੀਖਿਆ ਕੀਤੀ

## ਮਾਨ ਸਰਕਾਰ ਨੇ ਲੋਕਾਂ ਦੀ ਰਜਿਸਟਰੀ ਦੌਰਾਨ ਹੁੰਦੀ ਖੱਜਲ ਖ਼ੁਆਰੀ ਕੀਤੀ ਖ਼ਤਮ : ਮੰਤਰੀ ਲਾਲਜੀਤ ਭੁੱਲਰ

ਪੱਟੀ (ਹੈਪੀ ਸਭਰਾ)—ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੇ ਲੋਕਾਂ ਦੀ ਤਹਿਸੀਲਾਂ ਵਿੱਚ ਹੁੰਦੀ ਲੁੱਟ ਘਸੁੱਟ ਤੇ ਪ੍ਰਸ਼ਾਨੀ ਤੋਂ ਬਚਾਉਣ ਲਈ ਤਹਿਸੀਲਾਂ ਵਿੱਚ ਈ.ਜੀ ਰਜਿਸਟਰੀ ਪ੍ਰੌਜੈਕਟ ਸਕੀਮ ਚਲਾਈ ਗਈ ਹੈ ਜਿਸ ਤਹਿਤ ਅੱਜ ਇਸ ਸਹੂਲਤ ਨੂੰ ਪੱਟੀ ਵਿਖੇ ਲਾਗੂ ਕਰਨ ਲਈ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਤਹਿਸੀਲ ਕੰਪਲੈਂਕਸ ਪੱਟੀ ਵਿੱਖੇ ਆਨਲਾਇਨ ਈ.ਜੀ ਰਜਿਸਟਰੀ ਪ੍ਰੋਗਰਾਮ ਤਹਿਤ ਰਜਿਸਟਰੀਆਂ ਦੇ ਕੰਮ ਦੀ ਸ਼ੁਰੂਆਤ ਕਰਾਈ। ਇਸ ਮੌਕੇ ਕੈਬਨਿਟ ਮੰਤਰੀ ਭੁੱਲਰ ਨੇ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਤਹਿਸੀਲ ਪੱਟੀ ਵਿਖੇ ਰਜਿਸਟਰੀਆਂ, ਤਬਾਦਲੇ,ਵਸੀਅਤ,ਜਬਾਨਤਾ,ਜਾਂ ਕੋਈ ਹੋਰ ਕੰਮ ਸਥਾਪਿਤ ਕੀਤੇ ਗਏ ਸੇਵਾ ਕੇਂਦਰ 'ਚ ਲਿਖਵਾਉਣ ਅਤੇ ਇਸ ਦੀ ਨਿਰਧਾਰਤ ਫੀਸ 550 ਦੇ ਕਰੀਬ ਰੱਖੀ ਗਈ ਹੈ ਜੋ ਕਿ ਸਭ ਤੋਂ ਵੱਡੀ ਸਹੂਲਤ ਹੈ ਕਿਉਕਿ ਪਹਿਲਾਂ ਪਬਲਿਕ ਕੋਲੋ ਰਜਿਸਟਰੀ ਲਿਖਣ ਲਈ ਲੋੜ ਤੋਂ ਵੱਧ ਪੈਸੇ ਵਸੀਕਿਆ ਵੱਲੋਂ ਲਏ ਜਾਦੇ ਸਨ ਅਤੇ ਹੁਣ ਇਨ੍ਹਾਂ ਰਜਿਸਟਰੀਆਂ ਨੂੰ ਪਾਰਦਰਸ਼ੀ ਢੰਗ ਨਾਲ ਕਰਨ ਲਈ ਤਹਿਸੀਲਦਾਰ ਦੇ ਨਾਲ ਡਾਟਾ ਅਪਰੇਟਰ, ਐਡਵੋਕੇਟ, ਡਿਊਟੀ ਪਟਵਾਰੀ ਦੀ ਭਰਤੀ ਕੀਤੀ ਗਈ ਇਨ੍ਹਾਂ ਵੱਲੋਂ ਪਾਸ ਕੀਤੀ ਗਈ ਰਜਿਸਟਰੀ ਵੇਚਣ ਵਾਲੇ ਅਤੇ ਖ ?ਰੀਦਾਰ ਦੇ ਸਹਮਾਣੇ ਸਕਰੀਨ ਤੇ ਲਿਖ ਕੇ ਦਰਜ ਕੀਤੀ ਜਾਵੇਗੀ ਤਾਂ ਮੌਕੇ ਉਪਰ ਹੀ ਕਿਸੇ ਵੀ ਤਰ੍ਹਾਂ ਦੀ ਗਲਤੀ ਨੂੰ ਦੁਰਸਤ ਕਰਵਾ ਸਕਦਾ ਹੈ ਲੋਕਾਂ ਨੂੰ ਇਸ ਸੇਵਾ ਦਾ ਲਾਭ ਲੈਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਲੋਕਾਂ ਲਈ ਸਭ ਤੋਂ ਵੱਡੀ ਸਹੂਲਤ ਹੈ ਕਿ ਉਹ ਕਿ ਕੋਈ ਵੀ ਆਦਮੀ ਜਿਲ੍ਹੈ ਅੰਦਰ ਕਿਸੇ ਵੀ ਤਹਿਸੀਲ ਵਿੱਚ ਆਪਣੀ ਰਜਿਸਟਰੀ ਵੇਚਣ ਜਾਂ ਖ ?ਰੀਦਣ ਲਈ ਅਪਲਾਈ ਕਰ ਸਕਦਾ ਹੈ ਕਿਬਨਿਟ ਮੰਤਰੀ ਭੁੱਲਰ ਨੇ ਕਿਹਾ ਕਿ ਜੇਕਰ ਕੋਈ ਆਪਣੀ ਰਜਿਸਟਰੀ ਵਸੀਕੇ ਪਾਸੋ ਲਿਖਵਾਉਣੀ ਚਾਹੁੰਦਾ ਹੈ ਤਾਂ ਲਿਖਵਾ




ਸਕਦਾ ਹੈ ਪਰ ਵਸੀਕੇ ਵੀ ਇਸ ਦੀ ਨਿਰਧਾਰਤ ਫੀਸ ਹੀ ਲੈਣਗੇ ਕਿਬਨਿਟ ਮੰਤਰੀ ਭੁੱਲਰ ਨੇ ਕਿਹਾ ਕਿ ਕਿਸੇ ਵੀ ਤਹਿਸੀਲ ਵਿੱਚ ਕੀਤੀ ਗਈ ਰਜਿਸਟਰੀ ਦਾ ਇੰਤਕਾਲ ਸਬੰਧਿਤ ਪਟਵਾਰੀ ਵੱਲੋਂ 30 ਦਿਨ ਦੇ ਅੰਦਰ ਅੰਦਰ ਦਰਜ ਕਰਨਾ ਲਾਜਮੀ ਹੋਵੇਗਾ।ਇਸ ਮੌਕੇ ਪ੍ਰੀਤਇੰਦਰ ਸਿੰਘ ਐਸ ਡੀ ਐਮ ਪੱਟੀ ਨੇ ਕਿਹਾ ਕਿ ਜੇਕਰ ਕੋਈ ਜਮੀਨ ਵੇਚਣ ਲਈ ਕਿਸੇ ਹੋਰ ਤਹਿਸੀਲ ਵਿੱਚ ਅਪਲਾਈ ਕਰੇਗਾ ਤਾਂ ਉਹ ਰਜਿਸਟਰੀ ਸਬੰਧਿਤ ਤਹਿਸੀਲ ਨੂੰ ਮੇਲ ਰਾਹੀ ਭੈਜ ਦਿੱਤੀ ਜਾਵੇਗੀ ਜਿਸ ਤੇ ਉਕਤ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ ਰਜਿਸਟਰੀ ਕਰਨ ਜਾਂ ਨਾ ਕਰਨ ਸਬੰਧੀ ਦੱਸੇਗਾ ਜੇਕਰ ਉਹ 48 ਘੰਟਿਆ ਦੇ ਅੰਦਰ ਕੋਈ ਵੀ ਜਵਾਬ ਨਹੀ ਦਿੰਦਾ ਤਾਂ ਉਕਤ ਰਜਿਸਟਰੀ ਅਪਲਾਈ ਵਾਲੀ ਤਹਿਸੀਲ ਵਿੱਚ ਕਰ ਦਿੱਤੀ ਜਾਵੇਗੀ ।ਉਨ੍ਹਾਂ ਕਿਹਾ ਕਿ ਜੇਕਰ ਕੋਈ ਵਸੀਕਾ ਰਜਿਸਟਰੀ ਲਿਖਣ ਦੇ 550 ਰੁਪੈ ਤੋਂ ਵੱਧ ਲੈਦਾ ਹੈ ਉਸ ਦੀ ਜਾਣਕਾਰੀ ਦਫਤਰ ਦਿੱਤੀ ਜਾਵੇ।ਇਸ ਮੌਕੇ ਤਹਿਸੀਲਦਾਰ ਪੱਟੀ ਰਤਨਜੀਤ ਸਿੰਘ ਖੁੱਲਰ, ਨਾਇਬ ਤਹਿਸੀਲਦਾਰ ਕੁਲਵਿੰਦਰ ਸਿੰਘ,ਦਿਲਬਾਗ ਸਿੰਘ ਪੀਏ ,ਗੁਰਪ੍ਰੀਤ ਸਿੰਘ ਪਨਗੋਟਾ,ਸਾਬਕਾ ਚੇਅਰਮੈਨ ਸੁਖਰਾਜ ਸਿੰਘ ਕਿਰਤੋਵਾਲ,ਅਵਤਾਰ ਸਿੰਘ ਢਿੱਲੋ ਮੀਡੀਆ ਇੰਚਾਰਜ, ਮੋਹਿਤ ਅਰੋੜਾ ਸ਼ੋਸ਼ਲ ਮੀਡੀਆ ਇੰਚਾਰਜ, ਸਰਪੰਚ ਗੁਰਬਿੰਦਰ ਸਿੰਘ ਕਾਲੇਕੇ,ਵਿਨੋਦ ਕੁਮਾਰ ਖੰਨਾ ਬਲਾਕ ਪ੍ਰਧਾਨ, ਧਰਮਿੰਦਰ ਸਿੰਘ ਕੌਸਲਰ,ਮਨਦੀਪ ਸਿੰਘ ਭੁੱਲਰ ਐਡਵੋਕੇਟ, ਐਡਵੋਕੇਟ ਹੀਰਾ ਸਿੰਘ,ਅੰਗਰੇਜ ਸਿੰਘ ਡਿਊਟੀ ਪਟਵਾਰੀ, ਜਤਿਨ ਕੁਮਾਰ ਪਟਵਾਰੀ,ਸੁਖਜਿੰਦਰ ਸਿੰਘ ਡਾਟਾ ਅਪਰੇਟਰ,ਟੀ ਏ ਮਨਪ੍ਰੀਤ ਸਿੰਘ ਔਲਖ, ਏ ਐਸ ਐਮ ਨਤਿਨ,ਆਰ ਸੀ ਹਰਜੀਤ ਸਿੰਘ, ਹੀਰਾ ਸਿੰਘ,ਗੁਰਦਿਆਲ ਸਿੰਘ ਮਰਹਾਣਾ ਆਦਾ ਮੌਜੂਦ ਸਨ।

# ਪਲਾਟਾਂ ਵਿੱਚ ਪਈ ਗੰਦਗੀ ਨੂੰ ਲੈ ਕੇ ਨਗਰ ਨਿਗਮ ਦਾ ਸਿਹਤ ਵਿਭਾਗ ਹੋਇਆ ਸਖਤ

## ਪਲਾਟ ਮਾਲਕਾਂ ਨੂੰ ਭੇਜੇ ਜਾ ਰਹੇ ਨੋਟਿਸਾਂ ਨਾਲ ਜੁਰਮਾਨੇ ਹੋਣ ਲੱਗੇ ਵਸੂਲ

ਅੰਮ੍ਰਿਤਸਰ (ਲੋਕ ਬਾਣੀ)- ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵਲੋਂ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ । ਜਿਸ ਦੌਰਾਨ ਕਮਿਸ਼ਨਰ ਨੇ ਸੈਨੇਟਰੀ ਵਿਭਾਗ ਵਲੋਂ ਸ਼ਹਿਰ ਦੇ ਵੱਖ-2 ਇਲਾਕਿਆ ਵਿੱਚ ਖਾਲੀ ਪਏ ਪਲਾਟਾਂ ਜਿਨਾਂ ਵਿੱਚ ਕੂੜਾ ਕਰਕਟ ਅਤੇ ਗੰਦਗੀ ਦੇ ਢੇਰ ਪਏ ਹਨ ਅਤੇ ਜਿਥੇ ਗੰਦਾ ਪਾਣੀ ਇਕਠਾ ਹੁੰਦਾ ਹੈ , ਉਹਨਾਂ ਪਲਾਟ ਮਾਲਕਾਂ ਦੇ ਖਿਲਾਫ ਕਾਰਵਾਈ ਕਰਨ ਹਿੱਤ ਵਿਭਾਗ ਵਲੋਂ ਇਹਨਾਂ ਪਲਾਟਾਂ ਵਿੱਰੁਧ ਚਲਾਣ ਕੱਟਣ ਅਤੇ ਜੁਰਮਾਨੇ ਪਾਉਣ ਦੀ ਹਦਾਇਤਾ ਕੀਤੀਆਂ ਸਨ । ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦਸਿਆ ਕਿ ਸ਼ਹਿਰ ਵਿੱਚ ਜਗਾਂ-2 ਤੇ ਵੱਖ-ਵੱਖ ਵਿਅਕਤੀਆਂ ਦੀ ਮਾਲਕੀ, ਕਬਜੇ ਅਧੀਨ ਖਾਲੀ ਪਏ ਪਲਾਟਾਂ ਵਿੱਚ ਕੂੜਾ ਕਰਕਟ,ਗੰਦਗੀ ਅਤੇ ਗੰਦਾ ਪਾਣੀ ਇਕਠਾ ਹੁੰਦਾ ਰਹਿੰਦਾ ਹੈ ਜਿਸ ਨਾਲ ਕਈ ਤਰਾਂ ਦੇ ਨੁਕਸਾਨ ਦਾਇਕ ਜੀਵ ਜੰਤੂ ਪੇਦਾ ਹੁੰਦੇ ਹਨ ਜੋ ਕਿ ਵੱਖ-2 ਪ੍ਰਕਾਰ ਦੀਆਂ ਬਿਮਾਰੀਆਂ ਫੈਲਾਂਦੇ ਹਨ। ਇਸ ਤਰਾਂ ਇਹ ਬਿਮਾਰੀਆਂ ਸ਼ਹਿਰਵਾਸੀਆਂ ਦੀ ਸਿਹਤ ਲਈ ਇਕ ਗੰਭੀਰ ਅਤੇ ਜਾਨਲੈਵਾ ਖਤਰਾ ਹੈ । ਅਜਿਹੀ ਸਥਿਤੀ ਵਲੋਂ ਇਹਨਾਂ ਬਿਮਾਰੀਆਂ ਨੂੰ ਫੈਲਣ ਤੋ ਰੋਕਣ ਲਈ ਇਹਨਾਂ ਖਾਲੀ ਪਏ ਪਲਾਟਾ ਦੀ ਸਾਫ-ਸਫਾਈ ਹੋਣੀ ਜਰੂਰੀ ਹੈ ਉਹਨਾਂ ਕਿਹਾ



ਕਿ ਇਸ ਸਬੰਧੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਵੀ ਨਾਗਰਿਕ ਸੁਰਖਿਆਂ ਸਹਿੰਤਾ 2023 ਦੀ ਧਾਰਾ 163 ਅਧੀਨ ਜ਼ਿਲ੍ਹਾ ਅੰਮ੍ਰਿਤਸਰ ਦੀ ਹਦੂਦ ਵਿੱਚ ਨਿਜੀ ਕਬਜੇ,ਮਾਲਕੀ ਵਾਲੇ ਖਾਲੀ ਪਏ ਪਲਾਟਾਂ ਵਿੱਚ ਕੂੜੇ ਕਰਕਟ , ਗੰਦਗੀ ਅਤੇ ਗੰਦੇ ਪਾਣੀ ਦੇ ਇਕਠੇ ਹੋਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਨਗਰ ਨਿਗਮ ਨੂੰ ਅੰਮ੍ਰਿਤਸਰ ਨੂੰ ਢੁਕਵੇ ਉਪਰਾਲੇ ਕਰਨ ਲਈ ਕਿਹਾ ਗਿਆ ਹੈ ਜਿਸ ਕਰਕੇ ਨਗਰ ਨਿਗਮ ਦੇ ਸਿਹਤ ਵਿਭਾਗ ਦੇ ਅਧਿਕਾਰਿਆਂ ਨੂੰ ਇਹਨਾਂ ਖਾਲੀ ਪਲਾਟਾਂ ਦੇ ਮਾਲਕਾ ਦੇ ਚਲਾਣ ਕਟਣ ਲਈ ਕਿਹਾ ਗਿਆ ਸੀ ।

# ਕਾਂਸਲ (ਨਵਾਂਗਾਂਓ) ਸਕੂਲ ਵੱਲੋਂ ਮੈਡਮ ਰਮਨਜੀਤ ਕੌਰ ਨੂੰ ਰਿਟਾਇਰਮੈਂਟ ਤੇ ਨਿੱਘੀ ਵਿਦਾਇਗੀ

ਜੀਵਨ ਕੁਮਾਰ ਚੰਡੀਗੜ੍ਹ- ਸਰਕਾਰੀ ਐਲੀਮੈਂਟਰੀ ਸਕੂਲ ਕਾਂਸਲ ਦੇ ਸਮੂਹ ਸਟਾਫ਼ ਵੱਲੋਂ ਮੈਡਮ ਰਮਨਜੀਤ ਕੌਰ ਈਟੀਟੀ ਅਧਿਆਪਕ ਨੂੰ ਰਿਟਾਇਰਮੈਂਟ ਮੌਕੇ ਨਿੱਘੀ ਵਿਦਾਇਗੀ ਦਿੱਤੀ ਗਈ ।ਸਕੂਲ ਮੁਖੀ ਐਨ ਡੀ ਤਿਵਾੜੀ ਨੇ ਦੱਸਿਆ ਕਿ ਮੈਡਮ ਰਮਨਜੀਤ ਕੌਰ ਸਰਕਾਰੀ ਐਲੀਮੈਂਟਰੀ ਸਕੂਲ ਕਾਂਸਲ ਵਿੱਚ ਸੁਨਾਮ(ਸੰਗਰੂਰ ) ਤੋ ਇੰਟਰ ਡਿਸਟ੍ਰਿਕ ਬਦਲੀ ਕਰਵਾ ਕੇ 2022 ਵਿੱਚ ਇਸ ਸਕੂਲ ਵਿੱਚ ਆਏ ਸਨ ।ਉਹਨਾਂ ਵੱਲੋਂ ਬਹੁਤ ਲਗਨ ਤੇ ਮਿਹਨਤ ਨਾਲ ਵਿਦਿਆਰਥੀਆਂ ਨੂੰ ਪੜਾਉਣ ਦੇ ਨਾਲ ਨਾਲ ਕਵਿਤਾ ਉਚਾਰਨ ,ਪੇਂਟਿੰਗਸ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਲਈ ਵੀ ਤਿਆਰ ਕੀਤਾ ਗਿਆ ਉਹ ਸਾਲ 2002 ਤੋ ਬਤੌਰ ਈਟੀਟੀ ਅਧਿਆਪਕ ਸਪ੍ਰਸ ਮਹਿਮਦਪੁਰ ਬੱਸੀ ਪਠਾਣਾਂ ਬਲਾਕ -1 ਫਤਿਹਗੜ੍ਹ ਸਾਹਿਬ ਵਿਖੇ ਜੁਆਇੰਨ ਹੋਏ ਸਨ ਤੇ ਫੇਰ ਵਿਆਹ ਤੋ



ਬਾਅਦ ਸੁਨਾਮ ਜਿਲ੍ਹਾ ਸੰਗਰੂਰ ਵਿਖੇ ਕਾਰਜ ਕਰਦੇ ਰਹੇ ਅਤੇ ਸਾਲ 2022 ਤੋ ਸਪ੍ਰਸ ਕਾਂਸਲ ਵਿਖੇ ਪੜਾ ਰਹੇ ਸਨ ।ਉਹਨਾਂ ਨੇ ਸਿੱਖਿਆ ਵਿਭਾਗ ਵਿੱਚ 23 ਸਾਲ ਤਿੰਨ ਮਹੀਨੇ 09 ਦਿਨ ਕਾਰਜ ਕੀਤਾ ਤੇ ਘਰੇਲੂ ਕਾਰਣਾਂ ਕਾਰਣ ਉਹਨਾਂ ਵੱਲੋਂ ਵੀਆਰਐਸ ਲੈ ਲਈ ਗਈ ।ਸਮੂਹ ਸਕੂਲ ਵੱਲੋਂ ਉਹਨਾਂ ਦੀ ਅਗਲੇਰੀ ਆਉਣ ਵਾਲੀ ਜ਼ਿੰਦਗੀ ਤੇ ਚੰਗੀ ਤੰਦਰੁਸਤੀ ਦੀ ਅਰਦਾਸ ਨਾਲ ਸਕੂਲ ਵਿੱਚੋਂ ਵਿਦਾਇਗੀ ਦਿੱਤੀ ਗਈ।ਇਸ ਮੌਕੇ ਮੈਡਮ ਮੈਡਮ ਗੁਰਪ੍ਰੀਤ ਕੌਰ,ਅਨਾਮਿਕਾ ਤੁਲੀ,ਅਮਨਦੀਪ ਕੌਰ,ਮੈਡਮ ਕਵਿਤਾ,ਮੈਡਮ ਗੀਨਾ, ਮੈਡਮ ਅਮਨਦੀਪ,ਮੈਡਮ ਪਿੰਕੀ ਕੁਮਾਰੀ,ਗੁਰੇਕ ਸਿੰਘ ਤੇ ਧਰਮਿੰਦਰ ਠਾਕਰੇ ਹਾਜ਼ਰ ਸਨ।

# ਕਾਂਗਰਸ ਨੇ ਅੱਜ ਗਮਾਡਾ ਦਫ਼ਤਰ ਦੇ ਸਾਹਮਣੇ ਲੈਂਡ ਪੂਲਿੰਗ ਵਿਰੁੱਧ ਧਰਨਾ ਦਿੱਤਾ-ਜ਼ਮੀਨ ਸਾਡੀ ਮਾਂ ਹੈ, ਅਸੀਂ ਇਸਨੂੰ ਕਿਸੇ ਦੇ ਹੱਥ ਨਹੀਂ ਜਾਣ ਦੇਵਾਂਗੇ-ਕਮਲਜੀਤ ਸਿੰਘ ਚਾਵਲਾ

ਜੀਵਨ ਕੁਮਾਰ ਚੰਡੀਗੜ੍ਹ- ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਵਾਈਸ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਸ੍ਰੀ ਕਮਲਜੀਤ ਸਿੰਘ ਚਾਵਲਾ ਨੇ ਕਿਹਾ ਕਿ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ, ਮੋਹਾਲੀ ਵਿਧਾਨ ਸਭਾ ਹਲਕੇ ਦੇ ਲੋਕਾਂ ਨਾਲ ਮਿਲ ਕੇ, ਸੂਬਾ ਸਰਕਾਰ ਦੀ ਕਿਸਾਨ ਵਿਰੋਧੀ ਲੈਂਡ ਪੂਲਿੰਗ ਨੀਤੀ ਨੂੰ ਰੱਦ ਕਰਵਾਉਣ ਲਈ ਅੱਜ 21 ਜੁਲਾਈ ਨੂੰ ਗਮਾਡਾ ਦਫ਼ਤਰ ਦੇ ਸਾਹਮਣੇ ਧਰਨਾ ਦਿੱਤਾ ਗਿਆ। ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਇਸ ਧਰਨੇ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਨਾਲ-ਨਾਲ ਪਾਰਟੀ ਦੇ ਸਾਰੇ ਸੀਨੀਅਰ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ, ਸਾਬਕਾ ਕੈਬਨਿਟ ਮੰਤਰੀ ਧਰਮਾ ਸ੍ਰੌਤ, ਗੁਰਕੀਰਤ ਸਿੰਘ ਕੋਟਲੀ, ਪੰਜਾਬ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਤੇ ਦਫ਼ਤਰ ਇੰਚਾਰਜ ਕੈਪਟਨ ਸੰਦੀਪ ਸਿੰਘ ਸੰਧੂ ਅਤੇ ਹੋਰ ਸੀਨੀਅਰ ਕਾਂਗਰਸੀ ਆਗੂ




ਸ਼ਾਮਲ ਹੋਏ। ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਸ੍ਰੀ ਕਮਲਜੀਤ ਸਿੰਘ ਚਾਵਲਾ ਅਤੇ ਉਨ੍ਹਾਂ ਦੇ ਨਾਲ ਕਾਂਗਰਸ ਲੀਗਲ ਸੈੱਲ ਜ਼ਿਲ੍ਹਾ ਮੋਹਾਲੀ ਦੇ ਚੇਅਰਮੈਨ ਸੁਸ਼ਾਂਤ ਕੌਸ਼ਿਕ, ਕਾਂਗਰਸ ਲੀਗਲ ਸੈੱਲ ਜ਼ਿਲ੍ਹਾ ਮੋਹਾਲੀ ਦੇ ਜਨਰਲ ਸਕੱਤਰ ਨਯਾਗਾਓਂ ਦੇ ਐਡਵੋਕੇਟ ਕਮਲਦੀਪ ਸਿੰਘ ਸਿੱਧੂ, ਸੀਨੀਅਰ ਕਾਂਗਰਸੀ ਆਗੂ ਚਿਰੰਜੀਵੀ ਰਾਜੂ ਵਰਮਾ, ਸੀਨੀਅਰ ਕਾਂਗਰਸੀ ਆਗੂ ਸਰਦਾਰ ਰਣਜੀਤ ਸਿੰਘ ਨੰਗਲੀਆ, ਹੰਸ ਰਾਜ ਬੂਥ ਗੜ੍ਹ ਜ਼ਿਲ੍ਹਾ ਮੋਹਾਲੀ ਚੇਅਰਮੈਨ ਕਾਂਗਰਸ ਐਸਸੀ ਸੈੱਲ, ਸੁਖਦੇਵ ਸਿੰਘ ਭੂਰਾ ਤਕੀਪੁਰ, ਚਰਨਜੀਤ ਸਿੰਘ ਤਕੀਪੁਰ ਚੇਅਰਮੈਨ ਕਾਂਗਰਸ ਕਿਸਾਨ ਸੈੱਲ ਬਲਾਕ ਮਾਜਰੀ, ਸੀਨੀਅਰ ਕਾਂਗਰਸੀ ਆਗੂ ਸਰਦਾਰ ਰਣਜੀਤ ਸਿੰਘ ਨੰਗਲੀਆ, ਹੰਸ ਰਾਜ ਬੂਥ ਗੜ੍ਹ ਜ਼ਿਲ੍ਹਾ ਮੋਹਾਲੀ ਚੇਅਰਮੈਨ ਕਾਂਗਰਸ ਐਸਸੀ ਸੈੱਲ, ਸੁਖਦੇਵ ਸਿੰਘ ਭੂਰਾ ਤਕੀਪੁਰ, ਚਰਨਜੀਤ ਸਿੰਘ ਤਕੀਪੁਰ ਚੇਅਰਮੈਨ ਕਾਂਗਰਸ ਕਿਸਾਨ ਸੈੱਲ ਬਲਾਕ ਮਾਜਰੀ, ਕਾਂਗਰਸ ਓਬੀਸੀ ਸੈੱਲ ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਗੁਰਬਖਸ਼ ਸਿੰਘ ਕਾਲਾ ਟਾਂਡੀ ਸਮੇਤ 250 ਹੋਰ ਕਾਂਗਰਸੀ ਮੈਂਬਰ ਉੱਥੇ ਪਹੁੰਚੇ ਸਨ।

# ਐੱਚ.ਆਰ. ਏ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਵਿਖੇ ਹੈਪੀ ਪੇਰੈਂਟਸ ਡੇ ਮਨਾਇਆ ਗਿਆ

ਗੁਰਦਾਸਪੁਰ ( ਜਸਵਿੰਦਰ ਸਿੰਘ ) ਐੱਚ.ਆਰ. ਏ ਇੰਟਰਨੈਸ਼ਨਲ ਸਕੂਲ ਵਿਖੇ ਪ੍ਰਿੰਸੀਪਲ ਡਿੰਪਲ ਸ਼ਰਮਾ ਜੀ ਦੀ ਅਗਵਾਈ ਹੇਠ ÷ਹੈਪੀ ਪੇਰੈਂਟਸ ਡੇ÷ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸਕੂਲ ਦੇ ਡਾਇਰੈਕਟਰ ਸ੍ਰੀਮਾਨ ਸੱਤਿਆ ਸੇਨ ਅਗਰਵਾਲ ਜੀ, ਮੈਡਮ ਆਂਚਲ ਅਗਰਵਾਲ ਜੀ, ਮੈਡਮ ਨੀਲੋਫਰ ਜੀ, ਪ੍ਰਿੰਸੀਪਲ ਡਿੰਪਲ ਸ਼ਰਮਾ ਜੀ ਅਤੇ ਮੈਡਮ ਨਵਦੀਪ ਕੌਰ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਪ੍ਰੋਗਰਾਮ ਦੀ ਸ਼ੁਰੂਆਤ ਆਏ ਹੋਏ ਮਹਿਮਾਨਾਂ ਵੱਲੋਂ ਜਯੋਤੀ ਜਗਾ ਕੇ ਕੀਤੀ ਗਈ ਸਕੂਲ ਕੰਪਲੈਕਸ 'ਚ ਹੋਏ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਜਿੱਥੇ ਐੱਲ.ਕੇ.ਜੀ. ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਡਾਂਸ ਪ੍ਰੋਗਰਾਮ ਪੇਸ਼ ਕਰਕੇ ਆਪਣੇ ਮਾਤਾ-ਪਿਤਾ ਪ੍ਰਤੀ ਆਪਣੇ ਪਿਆਰ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ, ਉੱਥੇ ਹੀ ਬੱਚਿਆਂ ਦੇ ਨਾਲ-ਨਾਲ ਉਨ੍ਹਾਂ ਦੀਆਂ ਮਾਵਾਂ ਨੇ ਵੀ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਗੇਮਾਂ ਵੀ ਖਿਡਾਈਆਂ ਗਈਆਂ ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਮੈਡਮ ਡਿੰਪਲ ਸ਼ਰਮਾ ਜੀ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਧੀਆ ਭਵਿੱਖ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਹੋਏ ਕਿਹਾ ਕਿ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਇਸ ਮੌਕੇ 'ਤੇ ਸਕੂਲ ਦੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਤੋਂ ਇਲਾਵਾ ਉਨ੍ਹਾਂ ਦੇ ਅਧਿਆਪਕ ਵੀ ਮੌਜੂਦ ਸਨ



# ਖਾਦਾਂ ਦੀ ਜਮਾਖੋਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਡਾ. ਬੈਨੀਪਾਲ

## ਖੇਤੀਬਾੜੀ ਵਿਭਾਗ ਸਖ਼ਤ, ਅਣ-ਅਧਿਕਾਰਤ ਗੋਦਾਮ ਵਿੱਚ 450 ਗੱਟੇ ਡੀਏਪੀ ਦੇ ਮਿਲੇ

ਬਰਨਾਲਾ, , ਜਤਿੰਦਰ ਦੇਵਗਨ- ਖੇਤੀਬਾੜੀ ਮੰਤਰੀ ਪੰਜਾਬ ਸ. ਗੁਰਮੀਤ ਸਿੰਘ ਖੁੱਡੀਆਂ ਦੇ ਨਿਰਦੇਸ਼ਾਂ ਅਤੇ ਡਾ. ਬਸੰਤ ਗਰਗ ਪ੍ਰਬੰਧਕੀ ਸੈਕਟਰੀ ਖੇਤੀਬਾੜੀ ਵਿਭਾਗ ਦੀਆਂ ਹਦਾਇਤਾਂ ਤਹਿਤ ਡਾਕਟਰ ਨਰਿੰਦਰ ਸਿੰਘ ਬੈਨੀਪਾਲ ਜੁਆਇੰਟ ਡਾਇਰੈਕਟਰ (ਪੀਪੀ) ਖੇਤੀਬਾੜੀ ਵਿਭਾਗ ਪੰਜਾਬ ਦੀ ਟੀਮ ਵੱਲੋਂ ਅੱਜ ਜ਼ਿਲ੍ਹਾ ਬਰਨਾਲਾ ਦੀਆਂ ਵੱਖ-ਵੱਖ ਦੁਕਾਨਾਂ 'ਤੇ ਖਾਦ ਡੀਲਰਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਜਗਸੀਰ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਬਰਨਾਲਾ ਵੀ ਮੌਜੂਦ ਰਹੇ। ਇਸ ਮੌਕੇ ਡਾ. ਬੈਨੀਪਾਲ ਨੇ ਕਿਹਾ ਕਿ ਖਾਦ ਡੀਲਰਾਂ ਦੀ ਵਿਸ਼ੇਸ਼ ਤੌਰ 'ਤੇ ਚੈਕਿੰਗ ਕੀਤੀ ਜਾ ਰਹੀ ਹੈ ਤਾਂ



ਜੋ ਖਾਦ ਦੀ ਜਮਾਖੋਰੀ ਰੋਕੀ ਜਾ ਸਕੇ। ਉਹਨਾਂ ਦੱਸਿਆ ਕਿ ਅੱਜ ਜ਼ਿਲ੍ਹਾ ਬਰਨਾਲਾ ਵਿੱਚ ਅਣ - ਅਧਿਕਾਰਤ ਗੋਦਾਮ (ਗਡਾਉਨ) ਫੜਿਆ ਗਿਆ ਹੈ ਜਿਸ ਵਿੱਚ ਖਾਦ 450 ਗੱਟੇ ਡੀਏਪੀ ਰੱਖੇ ਹੋਏ ਸਨ। 2000 ਗੱਟੇ ਟੀਐਸਪੀ ਅਤੇ 12.32.16 ਦੇ 700 ਗੱਟੇ ਦੀ ਜਮਾਖੋਰੀ ਕੀਤੀ ਹੋਈ ਸੀ ਜਿਸ ਦੀ ਐਕਟ ਮੁਤਾਬਿਕ ਅਗੇਰਲੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਭਦੌੜ ਵਿਚ ਵੀ ਛਾਪੇਮਾਰੀ ਕੀਤੀ ਗਈ ਅਤੇ ਖਾਦਾਂ/ ਕੀਟਨਾਸ਼ਕਾ ਦੇ ਨਮੂਨੇ ਭਰੇ ਗਏ। ਉਹਨਾਂ ਖਾਦ ਵਿਕਰੇਤਾਵਾਂ ਨੂੰ ਸਖਤ ਹਦਾਇਤਾਂ ਕੀਤੀਆਂ ਕਿ ਜਿੱਥੇ ਕਿਤੇ ਵੀ ਗੈਰ ਮਿਆਰੀ ਜਾਂ ਅਣ - ਅਧਿਕਾਰਤ ਖਾਦ ਸਟੋਰ ਕੀਤੀ ਗਈ ਮਿਲੀ ਤਾਂ ਐਕਟ ਮੁਤਾਬਕ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਸਖਤਹਦਾਇਤਾਂ ਹਨ ਕਿ ਕਿਸਾਨਾਂ ਨੂੰ ਮਿਆਰੀ ਖਾਦਾਂ ਮਹੱਈਆ ਕਰਵਾਈਆਂ ਜਾਣ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ 23 ਨੂੰ

ਜਲੰਧਰ, (ਲੋਕ ਬਾਣੀ) : ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ 23 ਜੁਲਾਈ ਨੂੰ ਇਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖ਼ਲਾਈ ਅਫ਼ਸਰ ਨੀਲਮ ਮਹੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਬੁੱਧਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਤੀਜੀ ਮੰਜ਼ਿਲ ਸਥਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਲਗਾਏ ਜਾਣ ਵਾਲੇ ਇਸ ਪਲੇਸਮੈਂਟ ਕੈਂਪ ਵਿੱਚ ਐਚ.ਡੀ.ਬੀ. ਫਾਇਨਾਂਸ਼ੀਅਲ ਸਰਵਿਸਿਜ਼ ਲਿਮੀਟਡ ਅਤੇ ਕੁਐਸ ਕੋਆਰਪ ਕੰਪਨੀਆਂ ਭਾਗ ਲੈਣਗੀਆਂ। ਉਨ੍ਹਾਂ ਦੱਸਿਆ ਕਿ 12ਵੀਂ/ਗ੍ਰੈਜੂਏਸ਼ਨ ਯੋਗਤਾ ਵਾਲੇ 18 ਤੋਂ 35 ਸਾਲ ਦੇ ਨੌਜਵਾਨ ਲੜਕੇ-ਲੜਕੀਆਂ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ। ਡਿਪਟੀ ਡਾਇਰੈਕਟਰ ਨੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵਧੇਰੇ ਮੌਕਿਆਂ ਲਈ ਇਸ ਕੈਂਪ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਧੇਰੇ




ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਿੰਡ-ਪਿੰਡ ਪਹੁੰਚ ਰਿਹਾ ਹੈ ਨਸ਼ਾ ਮੁਕਤੀ ਯਾਤਰਾ ਦਾ ਸੁਨੇਹਾ

## ਜ਼ਿਲ੍ਹੇ ਦੇ ਬਲਾਕ ਬਰਨਾਲਾ ਅਤੇ ਸ਼ਹਿਣਾ ਵਿੱਚ ਕਰਾਏ ਗਏ ਨਸ਼ਿਆਂ ਵਿਰੁੱਧ ਜਾਗਰੂਕਤਾ ਸਮਾਗਮ

ਬਰਨਾਲਾ, ਜਤਿੰਦਰ ਦੇਵਗਨ- ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ ?ਲਾਫ਼ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਬਰਨਾਲਾ ਦੇ ਬਲਾਕ ਬਰਨਾਲਾ ਅਤੇ ਸ਼ਹਿਣਾ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਪ੍ਰੋਗਰਾਮ ਕਰਾਏ ਗਏ। ਬਰਨਾਲਾ ਦੇ ਵਾਰਡ ਨੰਬਰ 12, 24, 25, 26, 29, 30 ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਸਮਾਗਮ ਕਰਵਾਏ ਗਏ ਜਿਸ ਵਿਚ ਸ਼ਿਰਕਤ ਕਰਕੇ ਹਲਕਾ ਇੰਚਾਰਜ ਸ. ਹਰਿੰਦਰ ਸਿੰਘ ਧਾਲੀਵਾਲ ਨੇ ਨਸ਼ਿਆਂ ਵਿਰੁੱਧ ਹੋਕਾ ਦਿੱਤਾ। ਓਨ੍ਹਾਂ ਲੋਕਾਂ ਨੂੰ ਨਸ਼ਿਆਂ ਖ਼ ?ਲਾਫ਼ ਪੰਜਾਬ ਸਰਕਾਰ ਦੀ ਇਸ ਜੰਗ ਵਿੱਚ ਸਰਕਾਰ ਦਾ ਸਾਥ ਦੇਣ ਲਈ ਪ੍ਰੇਰਿਤ ਕੀਤਾ। ਬਲਾਕ ਸ਼ਹਿਣਾ ਵਿੱਚ ਨਗਰ ਸੁਧਾਰ ਟਰੱਸਟ ਬਰਨਾਲਾ ਦੇ ਚੇਅਰਮੈਨ ਅਤੇ ਮੁਹਿੰਮ ਦੇ ਜ਼ਿਲ੍ਹਾ ਕੋਆਰਡੀਨੇਟਰ ਰਾਮ ਤੀਰਥ ਮੰਨਾ ਨੇ ਕਿਹਾ




ਕਿ ਪੰਜਾਬ ਸਰਕਾਰ ਨਸ਼ੇ ਨਾਲ ਪੀੜਤ ਵਿਅਕਤੀਆਂ ਨਾਲ ਹਮਦਰਦੀ ਭਰਿਆ ਵਰਤਾਰਾ ਰੱਖ ਰਹੀ ਹੈ ਤੇ ਨਸ਼ਾ ਤਸਕਰਾਂ ਖਿਲਾਫ਼ ਸਖਤੀ ਨਾਲ ਪੇਸ਼ ਆ ਰਹੀ ਹੈ।

# ਪੰਜਾਬ ਦੀ ਆਪ ਸਰਕਾਰ ਹਰ ਪਹਿਲੂ ਉਤੇ ਖਰੀ ਉਤਰੀ- ਕੁਲਵੰਤ ਪੰਡੋਰੀ, ਲਾਭ ਉੱਗੋਕੇ , ਹਰਿੰਦਰ ਧਾਲੀਵਾਲ

ਬਰਨਾਲਾ , ਜਤਿੰਦਰ ਦੇਵਗਨ, ਵਿਧਾਨ ਸਭਾ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਵਿਧਾਇਕ ਲਾਭ ਸਿੰਘ ਉੱਗੋਕੇ ਤੇ ਹਲਕਾ ਬਰਨਾਲਾ ਦੇ ਆਮ ਆਦਮੀ ਪਾਰਟੀ ਦੇ ਇੰਚਾਰਜ ਹਰਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਿਛਲੇ ਤਿੰਨ ਸਾਲਾਂ ਦੌਰਾਨ ਕੀਤੇ ਗਏ ਤੇ ਕੀਤੇ ਜਾ ਰਹੇ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਉਹ ਇਹ ਦਾਅਵਾ ਨਹੀ ਕਰਦੇ ਕਿ ਮਾਨ ਸਰਕਾਰ ਨੇ ਲੋਕਾਂ ਦੇ ਸਾਰੇ ਕੰਮ ਪੂਰੇ ਕਰ ਦਿੱਤੇ ਹਨ ਪਰ ਉਹ ਇਹ ਯਕੀਨ ਨਾਲ ਕਹਿ ਸਕਦੇ ਹਨ ਜੋ ਕੁਝ ਪੰਜਾਬ ਵਿਚ ਆਪ ਸਰਕਾਰ ਨੇ ਕੀਤਾ ਹੈ, ਉਹ ਕਿਸੇ ਹੋਰ ਸਰਕਾਰ ਨੇ ਨਹੀ ਕੀਤਾ। ਉਹਨਾਂ ਸਿੰਜਾਈ ਲਈ ਟੇਲਾਂ ਤੱਕ ਪਾਣੀ ਪਹੁੰਚਾਉਣ, 24 ਘੰਟੇ ਬਿਜਲੀ ਮੁਹੱਈਆ ਕਰਵਾਉਣ ਅਤੇ ਸਰਕਾਰੀ ਨੌਕਰੀਆਂ ਬਿਨਾਂ ਕਿਸੇ ਸ਼ਿਫਾਰਸ਼ ਯੋਗ ਨੌਜਵਾਨਾਂ ਨੂੰ ਦੇਣ ਦੀ ਗੱਲ ਕਰਦਿਆਂ ਕਿਹਾ ਕਿ ਪਿਛਲੇ 3 ਸਾਲਾਂ ਵਿਚ ਲਗਪਗ 53 ਹਜ਼ਾਰ



ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਹਨਾਂ ਪੰਜਾਬ ਸਰਕਾਰ ਵਲੋਂ ਮਾਲੀਏ ਤੇ ਆਮਦਨ ਵਿਚ ਵਾਧੇ ਦਾ ਵੀ ਖਾਸ ਜ਼ਿਕਰ ਕੀਤਾ ਤੇ ਦਾਅਵਾ ਕੀਤਾ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਐਕਸਾਈਜ਼ ਤੋਂ 96 00 ਕਰੋੜ ਦੀ ਕਮਾਈ ਕੀਤੀ ਗਈ ਜਿਹੜੀ ਕਿ ਪਿਛਲੀ ਕਾਂਗਰਸ ਸਰਕਾਰ ਤੋਂ ਡਬਲ ਹੈ। ਉਹਨਾਂ ਕਿਹਾ ਕਿ ਸਾਡੀ ਸਰਕਾਰ ਇਮਾਨਦਾਰੀ ਨਾਲ ਲੋਕਾਂ ਦੇ ਕੰਮ ਕਰਨ ਅਤੇ ਪੰਜਾਬ ਨੂੰ ਤਰੱਕੀ ਵੱਲ ਲਿਜਾਣ ਵਿਚ ਲੱਗੀ ਹੋਈ ਹੈ। ਉਹਨਾਂ ਸੋਸ਼ਲ ਮੀਡੀਆ ਉਪਰ ਕੁਝ ਲੋਕਾਂ ਵਲੋਂ ਸਰਕਾਰ ਖਿਲਾਫ ਟਿਪਣੀਆਂ ਬਾਰੇ ਕਿਹਾ ਕਿ ਕੋਈ ਜੋ ਵੀ ਕਹੇ ਪਰ ਅੰਕੜੇ ਬੋਲਦੇ ਹਨ ਕਿ ਭਗਵੰਤ ਮਾਨ ਸਰਕਾਰ ਨੇ ਪਿਛਲੀਆਂ ਸਰਕਾਰਾਂ ਨਾਲੋਂ ਕੀ ਅਲਗ ਕੀਤਾ ਤੇ ਕੀ ਕੀਤਾ ਜਾ ਰਿਹਾ ਹੈ।

# ਕੈਬਨਿਟ ਮੰਤਰੀ ਵੱਲੋਂ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਵਿਖੇ ਡੇ ਕੇਅਰ ਕੈਂਸਰ ਕੀਮੋਥੈਰੇਪੀ ਸੈਂਟਰ ਦੀ ਸ਼ੁਰੂਆਤ

## ਕਿਹਾ ਸਿਵਲ ਹਸਪਤਾਲ 'ਚ ਸਹੂਲਤ ਦੇ ਸ਼ੁਰੂ ਹੋਣ ਨਾਲ ਕੈਂਸਰ ਦੇ ਮਰੀਜ਼ਾਂ ਦੀਆਂ ਸਿਹਤ ਦੇ ਨਾਲ-ਨਾਲ ਵਿੱਤੀ ਮੁਸ਼ਕਲਾਂ ਵੀ ਘੱਟਣਗੀਆਂ

ਜਲੰਧਰ, (ਲੋਕ ਬਾਣੀ) : ਕੈਂਸਰ ਦੇ ਮਰੀਜ਼ਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਅਤੇ ਮੁਫ਼ਤ ਕੀਮੋਥੈਰੇਪੀ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਅੱਜ ਇਥੇ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਵਿਖੇ ਡੇ ਕੇਅਰ ਕੈਂਸਰ ਕੀਮੋਥੈਰੇਪੀ ਸੈਂਟਰ ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਸਿਵਲ ਹਸਪਤਾਲ ਵਿੱਚ ਇਸ ਸਹੂਲਤ ਦੇ ਸ਼ੁਰੂ ਹੋਣ ਨਾਲ ਕੈਂਸਰ ਦੇ ਮਰੀਜ਼ਾਂ ਨੂੰ ਬਹੁਤ ਫਾਇਦਾ ਹੋਵੇਗਾ, ਜਿਨ੍ਹਾਂ ਨੂੰ ਪਹਿਲਾਂ ਇਲਾਜ ਲਈ ਚੰਡੀਗੜ੍ਹ ਅਤੇ ਅੰਮ੍ਰਿਤਸਰ ਜਾਣਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਇਸ ਸੈਂਟਰ ਦੇ ਖੁੱਲ੍ਹਣ ਨਾਲ ਕੈਂਸਰ ਦੇ ਮਰੀਜ਼ਾਂ ਦੀਆਂ ਸਿਹਤ ਦੇ ਨਾਲ-ਨਾਲ ਵਿੱਤੀ ਮੁਸ਼ਕਲਾਂ ਵੀ ਘੱਟਣਗੀਆਂ। ਇਸ ਮੌਕੇ ਉਨ੍ਹਾਂ ਨਾਲ ਹਲਕਾ ਇੰਚਾਰਜ ਨਿਤਿਨ ਕੋਹਲੀ ਅਤੇ ਸਿਵਲ ਸਰਜਨ ਡਾ. ਗੁਰਮੀਤ ਲਾਲ ਵੀ ਮੌਜੂਦ ਸਨ। ਸ਼ ?ਰੀ ਭਗਤ ਨੇ ਦੱਸਿਆ ਕਿ 8 ਬਿਸਤਰਿਆਂ ਵਾਲੇ ਇਸ ਡੇ ਕੇਅਰ ਕੈਂਸਰ ਕੀਮੋਥੈਰੇਪੀ ਸੈਂਟਰ ਵਿੱਚ ਦਵਾਈਆਂ, ਆਕਸੀਜ਼ਨ ਸਮੇਤ ਸਮੁੱਚੀਆਂ ਲੋੜੀਂਦੀਆਂ ਸਹੂਲਤਾਂ ਮੌਜੂਦ ਹਨ ਅਤੇ ਕੈਂਸਰ ਦੇ ਮਰੀਜ਼ ਹੁਣ ਓਨਕੋਲੋਜੀ ਮਾਹਰ ਡਾਕਟਰ ਦੀ ਨਿਗਰਾਨੀ ਹੇਠ ਸਿਵਲ ਹਸਪਤਾਲ ਵਿਖੇ ਕੀਮੋਥੈਰੇਪੀ ਦੀ ਸਹੂਲਤ ਮੁਫ਼ਤ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੇ ਸੈਂਟਰ ਵਿੱਚ ਦਾਖ਼ਲ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਉੱਚ ਦਰਜੇ ਦੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸੇ ਵਚਨਬੱਧਤਾ



ਤਹਿਤ ਰਾਜ ਸਰਕਾਰ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਿਵਲ ਹਸਪਤਾਲ ਜਲੰਧਰ ਬਠਿੰਡਾ ਤੋਂ ਬਾਅਦ ਡੇ ਕੇਅਰ ਕੈਂਸਰ ਕੀਮੋਥੈਰੇਪੀ ਸੈਂਟਰ ਵਾਲਾ ਪੰਜਾਬ ਦਾ ਦੂਜਾ ਜ਼ਿਲ੍ਹਾ ਹਸਪਤਾਲ ਬਣ ਗਿਆ ਹੈ। ਇਸ ਪਹਿਲਾਂ ਸ਼ ?ਰੀ ਭਗਤ ਨੇ ਸਿਵਲ ਹਸਪਤਾਲ ਵਿਖੇ ਰੋਗੀ ਕਲਿਆਣ ਸਮਿਤੀ ਦੀ ਤਿਮਾਹੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਿਵਲ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ। ਸਮਿਤੀ ਦੀ ਮੀਟਿੰਗ ਦੌਰਾਨ ਸਿਵਲ ਹਸਪਤਾਲ ਦੀ ਸੀਵਰੇਜ ਪਾਈਪ ਲਾਈਨ, ਬਾਥਰੂਮ ਠੀਕ ਕਰਵਾਉਣ, ਸੁਰੱਖਿਆ ਗਾਰਡ ਵਧਾਉਣ, ਸਫਾਈ ਆਦਿ ਕੰਮਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਿਵਲ ਹਸਪਤਾਲ ਵਿੱਚ ਸਫਾਈ ਸਬੰਧੀ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਅਤੇ ਸੀਵਰੇਜ ਸਿਸਟਮ ਨੂੰ ਬਿਹਤਰ ਬਣਾਉਣ ਲਈ ਜਲਦ ਹੀ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਪੰਜਾਬ ਸਰਕਾਰ ਵੱਲੋਂ ਸਿਵਲ ਹਸਪਤਾਲ ਦੀ ਨੁਹਾਰ ਬਦਲਣ ਦੀ ਵਚਨਬੱਧਤਾ ਵੀ ਦੁਹਰਾਈ। ਉਨ੍ਹਾਂ ਸਿਵਲ ਹਸਪਤਾਲ ਦੇ ਨਾਲ ਬਣ ਰਹੇ ਕ੍ਰਿਟੀਕਲ ਕੇਅਰ ਯੂਨਿਟ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਕ੍ਰਿਟੀਕਲ ਕੇਅਰ ਦੀ ਲੋੜ ਵਾਲੇ ਮਰੀਜ਼ਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਮਹਿੰਗਾਂ ਇਲਾਜ ਕਰਵਾਉਣ ਤੋਂ ਰਾਹਤ ਮਿਲੇਗੀ।

# ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ

## ਵਿਸ਼ਵ ਦਿਮਾਗ ਦਿਵਸ 22 ਜੁਲਾਈ 2025- ਇੱਕ ਸਿਹਤਮੰਦ ਦਿਮਾਗ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ

ਗੋਂਡੀਆ - ਭਾਵੇਂ ਬ੍ਰਹਿਮੰਡ ਦੇ ਸਿਰਜਣਹਾਰ ਨੇ ਬ੍ਰਹਿਮੰਡ ਦੀਆਂ 84 ਲੱਖ ਪ੍ਰਜਾਤੀਆਂ ਵਿੱਚ ਹਰ ਕਿਸੇ ਨੂੰ ਦਿਮਾਗ ਦਿੱਤਾ ਹੈ, ਮਨੁੱਖੀ ਪ੍ਰਜਾਤੀ ਵਿੱਚ ਬਣਾਇਆ ਗਿਆ ਦਿਮਾਗ ਨਾ ਸਿਰਫ ਕਲਾ ਦਾ ਇੱਕ ਸ਼ਾਨਦਾਰ ਕੰਮ ਹੈ ਬਲਕਿ ਇਸਦੇ ਨਤੀਜਿਆਂ ਵਿੱਚੋਂ ਇੱਕ ਹੈ, ਇਹ ਦਿਮਾਗ ਦੀ ਤਾਕਤ ਨਾਲ ਹੀ ਮਨੁੱਖ ਚੰਦਰਮਾ ਤੱਕ ਪਹੁੰਚਿਆ ਹੈ, ਅਤੇ ਸੂਰਜ, ਚੰਦਰਮਾ, ਧਰਤੀ ਸਮੇਤ ਕਈ ਕੁਦਰਤੀ ਰਚਨਾਵਾਂ ਨੂੰ ਨਕਲੀ ਬਣਾ ਕੇ, ਉਨ੍ਹਾਂ ਨਾਲ ਮੇਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਹੁਣ ਮਨੁੱਖੀ ਸਰੀਰ ਵਿੱਚ ਕੀ ਦਾਖਲ ਹੁੰਦਾ ਹੈ ਅਤੇ ਕੀ ਬਾਹਰ ਜਾਂਦਾ ਹੈ ਜੋ ਮਨੁੱਖ ਨੂੰ ਜੀਵਨ ਅਤੇ ਮੌਤ ਦੇ ਚੱਕਰ ਵਿੱਚ ਪਾਉਂਦਾ ਹੈ, ਇਸ 'ਤੇ ਖੋਜ ਚੱਲ ਰਹੀ ਹੈ ਜਿਸ ਵਿੱਚ ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ, ਮੰਨਦਾ ਹਾਂ ਕਿ ਮਨੁੱਖ ਕਦੇ ਵੀ ਸਫਲ ਨਹੀਂ ਹੋਵੇਗਾ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ 22 ਜੁਲਾਈ 2025 ਨੂੰ ਵਿਸ਼ਵ ਦਿਮਾਗ ਦਿਵਸ ਮਨਾਇਆ ਜਾ ਰਿਹਾ ਹੈ। ਵਿਸ਼ਵ ਦਿਮਾਗ ਦਿਵਸ ਇੱਕ ਵਿਸ਼ਵਵਿਆਪੀ ਲਹਿਰ ਹੈ ਜੋ ਦਿਮਾਗ ਦੀ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਤੁਹਾਡੇ ਦਿਮਾਗ ਨੂੰ ਜੀਵਨ ਭਰ ਸਿਹਤਮੰਦ ਰੱਖਣ ਦੇ ਤਰੀਕਿਆਂ ਨੂੰ ਸਾਂਝਾ ਕਰਨ ਲਈ ਸਮਰਪਿਤ ਹੈ। ਇਹ ਯਾਦ ਰੱਖਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿ ਦਿਮਾਗ ਦੀ ਸਿਹਤ ਸਿਰਫ਼ ਬਜ਼ੁਰਗਾਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ, ਸਗੋਂ ਇਹ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ। ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। ਖਾਸ ਕਰਕੇ ਭਾਰਤ ਲਈ, ਜਿੱਥੇ 65% ਤੋਂ ਵੱਧ ਨੌਜਵਾਨ ਰਹਿੰਦੇ ਹਨ, ਸਾਡੇ ਸਾਹਮਣੇ ਵਿਜ਼ਨ 2047 ਹੈ, ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਲੇਖ ਰਾਹੀਂ ਚਰਚਾ ਕਰਾਂਗੇ।





**ਬਹੁਤ ਸਾਰੇ ਦਿਮਾਗੀ ਰੋਗਾਂ ਨੂੰ ਜਾਗਰੂਕਤਾ ਮੁਹਿੰਮਾਂ ਚਲਾ ਕੇ ਰੋਕਿਆ ਜਾ ਸਕਦਾ ਹੈ ਜੋ ਮਾਨਸਿਕ, ਸਮਾਜਿਕ ਅਤੇ ਸਰੀਰਕ ਸਿਹਤ ਲਈ ਮਹੱਤਵਪੂਰਨ ਹਨ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ**

ਦੋਸਤੋ, ਜੇਕਰ ਅਸੀਂ ਦਿਮਾਗ ਦੀ ਸਿਹਤ ਨੂੰ ਸਮਝਣ ਬਾਰੇ ਗੱਲ ਕਰੀਏ, ਤਾਂ ਦਿਮਾਗ ਦੀ ਸਿਹਤ ਦਾ ਅਰਥ ਹੈ ਸਾਡੇ ਦਿਮਾਗ ਨੂੰ ਸਕਾਰਾਤਮਕ, ਲਚਕਦਾਰ ਅਤੇ ਕਿਰਿਆਸ਼ੀਲ ਰੱਖਣਾ। ਇਹ ਸਾਡੇ ਸੋਚਣ, ਸਿੱਖਣ, ਯਾਦ ਰੱਖਣ ਅਤੇ ਤਣਾਅ ਨਾਲ ਨਜਿੱਠਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਦਾ ਹੈ। ਇੱਕ ਸਿਹਤਮੰਦ ਦਿਮਾਗ ਹੋਣਾ ਸਮੁੱਚੀ ਸਿਹਤ, ਸਫਲ ਸਬੰਧਾਂ ਅਤੇ ਜੀਵਨ ਭਰ ਆਜ਼ਾਦੀ ਦਾ ਆਧਾਰ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਦਿਮਾਗ ਦੀ ਸਿਹਤ ਬੋਧਾਤਮਕ, ਭਾਵਨਾਤਮਕ, ਸੰਵੇਦੀ ਅਤੇ ਸਰੀਰਕ ਖੇਤਰਾਂ ਵਿੱਚ ਸੁਚਾਰੂ ਢੰਗ ਨਾਲ ਕੰਮ ਕਰਨ ਦੀ ਯੋਗਤਾ ਹੈ - ਜੋ ਵਿਅਕਤੀਆਂ ਨੂੰ ਸਿਹਤ ਸਥਿਤੀਆਂ ਦਾ ਪ੍ਰਬੰਧਨ ਕਰਦੇ ਹੋਏ ਇੱਕ ਸੰਪੂਰਨ, ਸੁਤੰਤਰ ਜੀਵਨ ਜਿਉਣ ਦੇ ਯੋਗ ਬਣਾਉਂਦੀ ਹੈ। ਦਿਮਾਗ ਦੀ ਸਿਹਤ ਲਈ ਤੁਹਾਡੇ ਜੀਵਨ ਦੇ ਸਰੀਰਕ, ਵਾਤਾਵਰਣ ਅਤੇ ਸਮਾਜਿਕ ਪਹਿਲੂਆਂ ਦਾ ਪ੍ਰਬੰਧਨ ਕਰਨ ਦੀ ਲੋੜ ਹੁੰਦੀ ਹੈ, ਜੋ ਨਾ ਸਿਰਫ਼ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਬਿਹਤਰ ਬਣਾਉਂਦਾ ਹੈ, ਸਗੋਂ ਸਮਾਜਿਕ ਅਤੇ ਆਰਥਿਕ ਖੁਸ਼ਹਾਲੀ ਨੂੰ ਵੀ ਬਿਹਤਰ ਬਣਾਉਂਦਾ ਹੈ। ਦੋਸਤੋ, ਵਿਸ਼ਵ ਦਿਮਾਗ ਦਿਵਸ ਮਨਾਉਣ ਦੀ ਗੱਲ ਕਰੀਏ ਤਾਂ, ਵਿਸ਼ਵ ਦਿਮਾਗ ਦਿਵਸ ਇੱਕ ਵਿਸ਼ਵਵਿਆਪੀ ਲਹਿਰ ਹੈ ਜੋ ਦਿਮਾਗ ਦੀ ਸਿਹਤ ਬਾਰੇ ਜਾਗਰੂਕਤਾ ਵਧਾਉਣ ਅਤੇ ਜੀਵਨ ਭਰ ਤੁਹਾਡੇ ਦਿਮਾਗ ਨੂੰ ਸਿਹਤਮੰਦ ਰੱਖਣ ਦੇ ਤਰੀਕਿਆਂ ਨੂੰ ਸਾਂਝਾ ਕਰਨ ਲਈ ਸਮਰਪਿਤ ਹੈ। ਇਹ ਯਾਦ ਰੱਖਣਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿ ਦਿਮਾਗ ਦੀ ਸਿਹਤ ਸਿਰਫ਼ ਬਜ਼ੁਰਗਾਂ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ, ਸਗੋਂ ਇਹ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ। ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। 2014 ਤੋਂ, ਵਿਸ਼ਵ ਦਿਮਾਗ ਦਿਵਸ ਇੱਕ ਪ੍ਰਮੁੱਖ ਜਾਗਰੂਕਤਾ ਸਮਾਗਮ ਰਿਹਾ ਹੈ, ਜਿਸਦੀ ਅਗਵਾਈ ਵਿਸ਼ਵ



ਫੈਡਰੇਸ਼ਨ ਆਫ਼ ਨਿਊਰੋਲੋਜੀ ਦੁਆਰਾ ਕੀਤੀ ਜਾਂਦੀ ਹੈ, ਜਿਸਨੂੰ ਪ੍ਰਮੁੱਖ ਨਿਊਰੋਲੋਜੀਕਲ ਸੰਗਠਨਾਂ ਦੁਆਰਾ ਸਮਰਥਨ ਪ੍ਰਾਪਤ ਹੈ। ਹਰ ਸਾਲ ਦਿਮਾਗ ਦੀ ਸਿਹਤ ਦੀ ਮਹੱਤਤਾ ਵੱਲ ਧਿਆਨ ਖਿੱਚਣ ਅਤੇ ਚੰਗੇ ਕੰਮਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਮੁੱਖ ਥੀਮ ਸਮੂਹਿਕ ਤੌਰ 'ਤੇ ਚੁਣਿਆ ਜਾਂਦਾ ਹੈ। ਸਾਲ 2025 ਦਾ ਥੀਮ ਵਿਸ਼ਵ ਸਿਹਤ ਸੰਗਠਨ ਦੇ ਦਿਮਾਗੀ ਸਿਹਤ, ਸ਼ੁਰੂਆਤੀ ਖੋਜ ਅਤੇ ਸਾਰੇ ਉਮਰ ਸਮੂਹਾਂ ਲਈ ਵਿਆਪਕ ਤੰਤੂ ਵਿਗਿਆਨਕ ਦੇਖਭਾਲ ਦੁਆਰਾ ਅਪੰਗਤਾ ਨੂੰ ਖਤਮ ਕਰਨ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ।

ਦੋਸਤੋ, ਜੇਕਰ ਅਸੀਂ ਦਿਮਾਗ ਨੂੰ ਸਿਹਤਮੰਦ ਰੱਖਣ ਦੀ ਗੱਲ ਕਰੀਏ, ਤਾਂ ਦਿਮਾਗ ਦੀ ਸਿਹਤ ਦਾ ਧਿਆਨ ਰੱਖਣ ਲਈ ਵੱਡੀਆਂ ਤਬਦੀਲੀਆਂ ਦੀ ਲੋੜ ਨਹੀਂ ਹੈ। ਸਾਦੀਆਂ ਰੋਜ਼ਾਨਾ ਆਦਤਾਂ ਵੀ ਵੱਡਾ ਫ਼ਰਕ ਪਾ ਸਕਦੀਆਂ ਹਨ। ਇਹ ਸਿਹਤਮੰਦ ਜੀਵਨ ਸ਼ੈਲੀ ਦੀਆਂ ਚੋਣਾਂ ਯਾਦਦਾਸ਼ਤ, ਇਕਾਗਰਤਾ, ਮੂਡ ਅਤੇ ਲੰਬੇ ਸਮੇਂ ਲਈ ਦਿਮਾਗੀ ਕਾਰਜ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀਆਂ ਹਨ। ਦਿਮਾਗ ਨੂੰ ਸਿਹਤਮੰਦ ਰੱਖਣ ਦੇ ਕੁਝ ਪ੍ਰਭਾਵਸ਼ਾਲੀ ਤਰੀਕੇ ਇਹ ਹਨ:(1) ਸੰਤੁਲਿਤ ਖੁਰਾਕ ਖਾਓ: ਐਂਟੀਆਕਸੀਡੈਂਟਸ, ਸਿਹਤਮੰਦ ਚਰਬੀ ਅਤੇ ਵਿਟਾਮਿਨਾਂ ਨਾਲ ਭਰਪੂਰ ਭੋਜਨ ਸ਼ਾਮਲ ਕਰੋ - ਜਿਵੇਂ ਕਿ ਪੱਤੇਦਾਰ ਸਾਗ, ਬੇਰੀਆਂ, ਗਿਰੀਦਾਰ, ਬੀਜ ਅਤੇ ਸਾਬਤ ਅਨਾਜ।(2) ਨਿਯਮਤ ਸਰੀਰਕ ਗਤੀਵਿਧੀ ਪ੍ਰਾਪਤ ਕਰੋ: ਕਸਰਤ ਦਿਮਾਗ ਵਿੱਚ ਖੂਨ ਦਾ ਪ੍ਰਵਾਹ ਵਧਾਉਂਦੀ ਹੈ ਅਤੇ ਯਾਦਦਾਸ਼ਤ ਦੇ ਨੁਕਸਾਨ ਅਤੇ ਮੂਡ ਵਿਕਾਰ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ।(3) ਨੀਂਦ ਨੂੰ ਤਰਜੀਹ ਦਿਓ: ਦਿਮਾਗ ਨੂੰ ਆਰਾਮ ਕਰਨ, ਮੁਰੰਮਤ ਕਰਨ ਅਤੇ ਜਾਣਕਾਰੀ ਦੀ ਪ੍ਰਕਿਰਿਆ ਕਰਨ ਲਈ ਹਰ (4) ਰਾਤ ਨੂੰ 7-9 ਘੰਟੇ ਦੀ ਗੁਣਵੱਤਾ ਵਾਲੀ ਨੀਂਦ ਦਾ ਟੀਚਾ ਰੱਖੋ।(5) ਮਾਨਸਿਕ ਤੌਰ 'ਤੇ ਸਰਗਰਮ ਰਹੋ: ਦਿਮਾਗ ਨੂੰ ਪੜ੍ਹਨ, ਪਹੇਲੀਆਂ ਹੱਲ ਕਰਨ, ਨਵਾਂ ਹੁਨਰ ਸਿੱਖਣ ਜਾਂ ਯਾਦਦਾਸ਼ਤ ਦੀਆਂ ਖੇਡਾਂ ਖੇਡਣ ਦੁਆਰਾ ਰੁੱਝੇ ਰੱਖੋ।(6) ਤਣਾਅ ਦਾ ਪ੍ਰਬੰਧਨ ਕਰੋ: ਲੰਬੇ ਸਮੇਂ ਲਈ(7)ਤਣਾਅ ਸਮੇਂ ਦੇ ਨਾਲ ਦਿਮਾਗ ਦੇ ਕੰਮਕਾਜ ਨੂੰ ਪ੍ਰਭਾਵਤ ਕਰ ਸਕਦਾ ਹੈ। ਆਰਾਮਦਾਇਕ ਤਕਨੀਕਾਂ ਜਿਵੇਂ ਕਿ ਡੂੰਘਾ ਸਾਹ ਲੈਣਾ, ਧਿਆਨ ਜਾਂ ਯੋਗਾ ਕਰਨਾ ਦਾ ਅਭਿਆਸ ਕਰੋ। (8) ਸਿਗਰਟਨੋਸ਼ੀ ਤੋਂ ਬਚੋ ਅਤੇ ਸ਼ਰਾਬ ਦੀ ਖਪਤ ਨੂੰ ਸੀਮਤ ਕਰੋ: ਇਹ ਪਦਾਰਥ ਦਿਮਾਗ ਦੇ ਸੈੱਲਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਤੰਤੂ ਵਿਗਿਆਨ ਸੰਬੰਧੀ ਵਿਕਾਰਾਂ ਦੇ ਜੋਖਮ ਨੂੰ ਵਧਾ ਸਕਦੇ ਹਨ। (9) ਨਿਯਮਤ ਸਿਹਤ ਜਾਂਚ ਕਰਵਾਓ: ਬੋਧਾਤਮਕ ਸਿਹਤ ਲਈ ਸ਼ੁਰੂਆਤੀ ਜਾਂਚ ਸਮੱਸਿਆਵਾਂ ਦੇ ਗੰਭੀਰ ਹੋਣ ਤੋਂ ਪਹਿਲਾਂ ਉਹਨਾਂ ਦਾ ਪਤਾ ਲਗਾਉਣ ਵਿੱਚ ਮਦਦ ਕਰ ਸਕਦੀ ਹੈ। ਦਿਮਾਗ ਮਨੁੱਖੀ ਸਰੀਰ ਦਾ ਨਿਯੰਤਰਣ ਕੇਂਦਰ ਹੈ, ਜੋ ਕਿ ਗਤੀ, ਯਾਦਦਾਸ਼ਤ, ਸੋਚ, ਭਾਵਨਾਵਾਂ ਅਤੇ ਤਾਲਮੇਲ ਲਈ ਜ਼ਿੰਮੇਵਾਰ ਹੈ। ਇਸਦੀ ਮਹੱਤਤਾ ਦੇ ਬਾਵਜੂਦ, ਦਿਮਾਗ ਦੀ ਸਿਹਤ ਨੂੰ ਅਕਸਰ ਉਦੋਂ ਤੱਕ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਜਦੋਂ ਤੱਕ ਕੋਈ ਸਮੱਸਿਆ ਪੈਦਾ ਨਹੀਂ ਹੁੰਦੀ। ਦੁਨੀਆ ਭਰ ਦੇ ਲੱਖਾਂ ਲੋਕ ਦਿਮਾਗ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਸ਼ੁਰੂਆਤੀ ਜਾਗਰੂਕਤਾ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਨਾਲ ਰੋਕਿਆ ਜਾਂ ਬਿਹਤਰ ਢੰਗ ਨਾਲ ਪ੍ਰਬੰਧਿਤ ਕੀਤਾ ਜਾ ਸਕਦਾ ਹੈ।

ਇਸ ਲਈ ਜੇਕਰ ਅਸੀਂ ਵਰਤੋਂ ਦੇ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਦਿਮਾਗ ਦੀ ਸਿਹਤ ਇੱਕ ਜੀਵਨ ਭਰ ਦੀ ਯਾਤਰਾ ਹੈ ਜੋ ਜਨਮ ਤੋਂ ਸ਼ੁਰੂ ਹੁੰਦੀ ਹੈ ਅਤੇ ਜੀਵਨ ਦੇ ਹਰ ਪੜਾਅ 'ਤੇ ਜਾਰੀ ਰਹਿੰਦੀ ਹੈ। ਵਿਸ਼ਵ ਦਿਮਾਗ ਦਿਵਸ 22 ਜੁਲਾਈ 2025- ਦਿਮਾਗ ਦੀ ਸਿਹਤ ਹਰ ਉਮਰ ਦੇ ਸਾਰੇ ਲੋਕਾਂ ਲਈ ਮਹੱਤਵਪੂਰਨ ਹੈ।ਮਾਨਸਿਕ, ਸਮਾਜਿਕ ਅਤੇ ਸਰੀਰਕ ਸਿਹਤ ਲਈ ਮਹੱਤਵਪੂਰਨ ਜਾਗਰੂਕਤਾ ਮੁਹਿੰਮਾਂ ਚਲਾ ਕੇ ਦਿਮਾਗ ਦੀਆਂ ਕਈ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ।

**-ਕੰਪਾਈਲਰ ਲੇਖਕ - ਕਿਆਰ ਮਾਹਿਰ ਕਾਲਮਨਵੀਸ ਸਾਹਿਤਕਾਰ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ(ਏਟੀਸੀ) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ**
**9359653465**

## 189 ਕਰੋੜ ਰੁਪਏ ਦੇ ਕਸਟਮ ਚੋਰੀ ਮਾਮਲੇ ਦਾ ਮਾਸਟਰਮਾਈਂਡ ਗ੍ਰਿਫ਼ਤਾਰ; ਅਦਾਲਤ ਨੇ ਡੀਆਰਆਈ ਹਿਰਾਸਤ ਨੂੰ ਮਨਜ਼ੂਰੀ ਦੇ ਦਿੱਤੀ

ਲੁਧਿਆਣਾ, (ਲੋਕ ਬਾਣੀ): ਵਿਸ਼ੇਸ਼ ਖੁਫੀਆ ਜਾਣਕਾਰੀ ਦੇ ਅਧਾਰ 'ਤੇ, ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ), ਜ਼ੋਨਲ ਯੂਨਿਟ ਲੁਧਿਆਣਾ ਨੇ 189 ਕਰੋੜ ਰੁਪਏ ਦੇ ਕਸਟਮ ਚੋਰੀ ਮਾਮਲੇ ਦੇ ਮਾਸਟਰਮਾਈਂਡ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀ ਨੂੰ ਲੁਧਿਆਣਾ ਦੇ ਫਸਟ ਕਲਾਸ ਜੁਡੀਸ਼ੀਅਲ ਮੈਜਿਸਟਰੇਟ, ਦੇ ਸਾਹਮਣੇ ਪੇਸ਼ ਕੀਤਾ ਗਿਆ, ਜਿਨ੍ਹਾਂ ਨੇ 20.07.2025 ਨੂੰ ਅੱਗੇ ਦੀ ਪੁੱਛਗਿੱਛ ਲਈ ਉਸ ਨੂੰ ਡੀਆਰਆਈ ਦੀ ਹਿਰਾਸਤ ਵਿੱਚ ਭੇਜਣ ਦੀ ਪ੍ਰਵਾਨਗੀ ਦੇ ਦਿੱਤੀ। ਦੋਸ਼ੀ ਪਿਛਲੇ ਇੱਕ ਸਾਲ ਤੋਂ ਫਰਾਰ ਸੀ। ਜਾਂਚ ਤੋਂ ਪਤਾ ਲੱਗਾ ਕਿ ਦੋਸ਼ੀ ਤਿੰਨ ਫਰਮਾਂ ਦੇ ਜਾਅਲੀ ਮਾਲਕਾਂ ਰਾਹੀਂ ਕਸਟਮਜ਼ ਬਾਂਡਡ ਵੇਅਰਹਾਊਸਾਂ ਤੋਂ ਡਿਊਟੀ-ਮੁਕਤ ਆਯਾਤ ਵਸਤੂਆਂ ਦੀ ਘਰੇਲੂ ਬਜ਼ਾਰ ਵਿੱਚ ਗੈਰ-ਕਾਨੂੰਨੀ ਸਪਲਾਈ ਕਰ ਰਿਹਾ ਸੀ। ਜਦੋਂ ਕਿ ਬਾਂਡਡ ਵੇਅਰਹਾਊਸ ਲਾਇਸੈਂਸ ਦੀਆਂ ਸ਼ਰਤਾਂ ਦੇ ਅਨੁਸਾਰ, ਇਨ੍ਹਾਂ ਵਸਤੂਆਂ ਦਾ ਉਪਯੋਗ ਸਿਰਫ਼ ਨਿਰਯਾਤ ਲਈ ਉਤਪਾਦਾਂ ਦੇ ਨਿਰਮਾਣ ਵਿੱਚ ਕੱਚੇ ਮਾਲ ਵਜੋਂ ਹੀ ਵਰਤਿਆ ਜਾਣਾ ਸੀ। ਇਸ ਸਾਰੀ ਧੋਖਾਧੜੀ ਦਾ ਉਦੇਸ਼ ਆਯਾਤ ਵਸਤੂਆਂ 'ਤੇ ਭੁਗਤਾਨਯੋਗ ਡਿਊਟੀ ਤੋਂ ਬਚਣਾ ਸੀ, ਜਿਸ ਨੂੰ ਘਰੇਲੂ ਬਜ਼ਾਰ ਵਿੱਚ ਡਿਊਟੀ ਦਾ ਭੁਗਤਾਨ ਕੀਤੇ ਬਿਨਾਂ ਵੇਚਿਆ ਗਿਆ ਸੀ। ਇਨ੍ਹਾਂ ਵਸਤੂਆਂ 'ਤੇ ਭੁਗਤਾਨਯੋਗ ਕਸਟਮ ਡਿਊਟੀ ਵਸਤੂ ਦੇ ਮੁੱਲ ਦਾ ਲਗਭਗ 100% ਹੁੰਦਾ ਹੈ। ਕੁੱਲ ਮਿਲਾ ਕੇ, 189 ਕਰੋੜ ਦੀ ਕਸਟਮ ਡਿਊਟੀ ਚੋਰੀ ਕੀਤੀ ਗਈ।



## ਜ਼ਿਲ੍ਹਾ ਪੱਧਰੀ ਟਾਸਕ ਫੋਰਸ ਸਰਗਰਮ, ਬੱਚਿਆਂ ਦਾ ਕੀਤਾ ਜਾਵੇਗਾ ਪੁਨਰਵਾਸ

### ਭੀਖ ਮੰਗਵਾਉਣ ਵਾਲਿਆਂ ਖ਼ਿਲਾਫ਼ ਹੋਵੇਗੀ ਕਾਰਵਾਈ

ਬਰਨਾਲਾ, ਦੇਵਗਨ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਖੁਸ਼ਵੀਰ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਟੀਮ ਵੱਲੋਂ ਜ਼ਿਲ੍ਹਾ ਬਰਨਾਲਾ ਵਿੱਚ ਬੱਚਿਆਂ ਨੂੰ ਭੀਖ ਮੰਗਣ ਤੋਂ ਰੋਕਣ ਲਈ ਵਿਸ਼ੇਸ਼ ਚੈਕਿੰਗ ਕੀਤੀ, ਜਿਸ ਦੌਰਾਨ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਵਲੋਂ ਸ਼ਹਿਰ ਦੇ ਵੱਖ-ਵੱਖ ਦੇ ਹਿੱਸਿਆਂ ਵਿੱਚ ਛਾਪੇਮਾਰੀ ਕੀਤੀ ਗਈ। ਇਸ ਸਬੰਧੀ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਗੁਰਜੀਤ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬੱਚਿਆਂ ਦੇ ਭੀਖ ਮੰਗਣ ਤੋਂ ਰੋਕਣ ਲਈ ਇੱਕ ਵਿਸ਼ੇਸ਼ ਟੀਮ ਬਣਾਈ ਗਈ ਹੈ। ਇਹ ਟੀਮ ਪੁਲਿਸ ਅਤੇ ਹੋਰ ਵੱਖ -ਵੱਖ ਸਰਕਾਰੀ ਵਿਭਾਗਾਂ ਦੇ ਕਰਮਚਾਰੀਆਂ ਨਾਲ ਮਿਲ ਕੇ ਲਗਾਤਾਰ ਚੈਕਿੰਗ ਕੀਤੀ ਰਹੀ ਹੈ। ਉਨ੍ਹਾਂ ਕਿਹਾ ਕਿ ਭੀਖ ਮੰਗਣ ਵਾਲੇ ਬੱਚਿਆਂ ਨੂੰ ਇਸ ਪਾਸਿਓਂ ਹਟਾ ਕੇ ਉਨ੍ਹਾਂ ਦਾ ਪੁਨਰਵਾਸ ਕੀਤਾ ਜਾਵੇਗਾ। ਅਜਿਹੇ ਮਾਪੇ ਜੋ ਬੱਚਿਆਂ ਤੋਂ ਬਾਲ ਮਜ਼ਦੂਰੀ ਜਾਂ ਬਾਲ ਭਿੱਖਿਆ ਕਰਵਾ ਰਹੇ ਹਨ, ਉਨ੍ਹਾਂ ਬੱਚਿਆਂ ਦੇ ਡੀ.ਐਨ.ਏ. ਟੈਸਟ ਕਰਵਾਏ ਜਾਣਗੇ ਕਿਉਂਕਿ ਅਕਸਰ ਵੇਖਣ ਵਿਚ ਆਇਆ ਹੈ ਕਿ ਦੂਸਰੇ ਰਾਜਾਂ ਤੋਂ ਆਏ ਬੱਚੇ ਭੀਖ ਮੰਗਦੇ ਹਨ ਅਤੇ ਕਈ ਵਾਰ ਉਨ੍ਹਾਂ ਨਾਲ ਮਾਪੇ ਬਣਕੇ ਘੁੰਮ ਰਹੇ ਵਿਅਕਤੀ ਉਨ੍ਹਾਂ ਦੇ ਅਸਲ ਮਾਪੇ ਨਹੀਂ ਹੁੰਦੇ ਅਤੇ ਜਾਂਚ ਦੌਰਾਨ ਕਈ ਬੱਚੇ ਕਿਤੇ ਨਾ ਕਿਤੇ ਚੋਰੀ ਕੀਤੇ ਨਿਕਲਦੇ ਹਨ।



# ਭਾਰਤ ਵਿੱਚ ਡਾਕਟਰੀ ਸਿੱਖਿਆ ਭਵਿੱਖ ਦੇ ਡਾਕਟਰਾਂ ਅਤੇ ਪ੍ਰਤਿਭਾ ਨੂੰ ਕਿਵੇਂ ਕੀਮਤ ਦੇ ਰਹੀ ਹੈ

**ਵਿਜੈ ਗਰਗ**

ਭਾਰਤ ਵਿੱਚ ਡਾਕਟਰ ਬਣਨ ਦੀ ਲਾਗਤ ਪਿਛਲੇ ਸਾਲਾਂ ਵਿੱਚ ਕਾਫ਼ੀ ਵੱਧ ਗਈ ਹੈ। ਬਹੁਤ ਸਾਰੇ ਲੋਕਾਂ ਲਈ, ਵਿੱਤੀ ਬੋਝ ਸਾਲਾਂ ਦੀ ਦਾਖਲਾ ਪ੍ਰੀਖਿਆ ਦੀ ਤਿਆਰੀ ਨਾਲ ਸ਼ੁਰੂ ਹੁੰਦਾ ਹੈ, ਮਹਿੰਗੀਆਂ ਮੈਡੀਕਲ ਡਿਗਰੀਆਂ ਦੁਆਰਾ ਜਾਰੀ ਰਹਿੰਦਾ ਹੈ, ਅਤੇ ਅਕਸਰ ਕਰਜ਼ੇ ਜਾਂ ਪਰਿਵਾਰਕ ਕੁਰਬਾਨੀਆਂ ਦੀ ਲੋੜ ਹੁੰਦੀ ਹੈ। ਵਧਦੇ ਖਰਚੇ ਹੁਣ ਇਹ ਆਕਾਰ ਦੇ ਰਹੇ ਹਨ ਕਿ ਕੌਣ ਡਾਕਟਰੀ ਕਰੀਅਰ ਬਣਾਉਣ ਦੇ ਯੋਗ ਹੈ ਅਤੇ ਕੌਣ ਪਿੱਛੇ ਰਹਿ ਗਿਆ ਹੈ। ਅਸੀਂ ਦੇਸ਼ ਵਿੱਚ ਡਾਕਟਰ ਬਣਨ ਦੀ ਕੀਮਤ ਜਾਣਨ ਲਈ ਡਾਕਟਰਾਂ ਨਾਲ ਗੱਲ ਕਰਦੇ ਹਾਂ, ਇੱਕ ਸੁਪਨਾ ਜੋ ਬਹੁਤ ਸਾਰੇ ਬੱਚਿਆਂ ਦੇ ਬਚਪਨ ਵਿੱਚ ਹੁੰਦਾ ਹੈ। ਡਾਕਟਰੀ ਸਿੱਖਿਆ ਦਾ ਵਿੱਤੀ ਬੋਝ ਕਿੰਨੀ ਜਲਦੀ ਸ਼ੁਰੂ ਹੁੰਦਾ ਹੈ? ਡਾਕਟਰਾਂ ਦੇ ਅਨੁਸਾਰ, ਇਹ ਸਿਰਫ਼ ਐਮਬੀਬੀਐਸ ਫੀਸਾਂ ਦਾ ਮਾਮਲਾ ਨਹੀਂ ਹੈ ਕਿਉਂਕਿ ਯਾਤਰਾ ਬਹੁਤ ਪਹਿਲਾਂ ਸ਼ੁਰੂ ਹੁੰਦੀ ਹੈ ਅਤੇ ਖਰਚੇ ਤੇਜ਼ੀ ਨਾਲ ਵਧਦੇ ਹਨ। ਵਿਜੈ ਗਰਗ ਨੇ ਦੱਸਿਆ ਕਿ ਜ਼ਿਆਦਾਤਰ ਮੈਡੀਕਲ ਉਮੀਦਵਾਰ 9ਵੀਂ ਜਾਂ 11ਵੀਂ ਜਮਾਤ ਤੋਂ ਹੀ ਨੀਟ ਕੋਚਿੰਗ 'ਤੇ ਵੱਡਾ ਖਰਚ ਕਰਨਾ ਸ਼ੁਰੂ ਕਰ ਦਿੰਦੇ ਹਨ। ਇਹ ਮੈਡੀਕਲ ਸਕੂਲ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਚਾਰ ਤੋਂ ਪੰਜ ਸਾਲਾਂ ਦੀ ਤੀਬਰ ਪ੍ਰਾਈਵੇਟ ਟਿਊਸ਼ਨ ਹੈ। ਸਰਕਾਰੀ ਐਮਬੀਬੀਐਸ ਕਾਲਜ: ?5 ਤੋਂ ?10 ਲੱਖ ਪ੍ਰਾਈਵੇਟ ਮੈਡੀਕਲ ਕਾਲਜ: ?20 ਲੱਖ ਤੋਂ ?1 ਕਰੋੜ ਪੋਸਟ ਗ੍ਰੈਜੂਏਟ ਮੁਹਾਰਤ: ਕਈ ਲੱਖ ਹੋਰ ਜੋੜਦਾ ਹੈ ਇਸ ਵਿੱਚ ਕੋਚਿੰਗ, ਦਾਖਲਾ ਪ੍ਰੀਖਿਆ ਦੇ ਖਰਚੇ, ਰਹਿਣ-ਸਹਿਣ ਦੇ ਖਰਚੇ, ਅਤੇ ਇੱਕ ਦਹਾਕੇ ਦੀ ਵਚਨਬੱਧਤਾ ਨੂੰ ਜੋੜੋ, ਅਤੇ ਤੁਸੀਂ ਇੱਕ ਅਜਿਹੇ ਕਰੀਅਰ ਦੀ ਭਾਲ ਕਰ ਰਹੇ ਹੋ ਜੋ ਬਹੁਤ ਸਾਰੇ ਲੋਕਾਂ ਲਈ ਵਿੱਤੀ ਤੌਰ 'ਤੇ ਪਹੁੰਚ ਤੋਂ ਬਾਹਰ ਮਹਿਸੂਸ ਕਰ ਸਕਦਾ ਹੈ। ਕੀ ਕੁਝ ਵਿਦਿਆਰਥੀ ਮਹਿੰਗਾਈ ਕਾਰਨ ਆਪਣੇ ਸੁਪਨੇ ਛੱਡ ਦਿੰਦੇ ਹਨ? ਵਿੱਤੀ ਦਬਾਅ ਬਹੁਤ ਜ਼ਿਆਦਾ ਸੀ। ਮੈਂ ਹੁਸ਼ਿਆਰ ਵਿਦਿਆਰਥੀਆਂ ਨੂੰ ਸਿਰਫ਼ ਇਸ ਲਈ ਦਵਾਈ ਛੱਡਦੇ ਦੇਖਿਆ ਹੈ ਕਿਉਂਕਿ ਉਨ੍ਹਾਂ ਦੇ ਮਾਪੇ ਫੀਸ ਨਹੀਂ ਦੇ ਸਕਦੇ ਸਨ,÷ ਭਾਰਤ ਵਿੱਚ ਪਰਿਵਾਰ ਮੈਡੀਕਲ ਡਿਗਰੀ ਲਈ ਫੰਡ ਕਿਵੇਂ ਦਿੰਦੇ ਹਨ? ਵਿਜੈ ਗਰਗ ਦੇ ਅਨੁਸਾਰ, ਇਹ ਸਿਰਫ਼ ਕਰਜ਼ਿਆਂ, ਕੁਰਬਾਨੀਆਂ ਅਤੇ ਮਿਹਨਤ ਬਾਰੇ ਹੈ। ਬਹੁਤ ਸਾਰੇ ਨੌਜਵਾਨ ਡਾਕਟਰਾਂ, ਜਿਵੇਂ ਕਿ ਅੰਕੁਸ਼ ਗਰਗ ਅਤੇ ਉਨ੍ਹਾਂ ਦੇ ਸਾਥੀਆਂ ਨੇ, ਸਿੱਖਿਆ ਕਰਜ਼ੇ ਲਏ, ਅਕਸਰ ਉੱਚ ਵਿਆਜ ਦਰਾਂ 'ਤੇ। ਕੁਝ ਮਾਪਿਆਂ ਨੇ ਇੱਕ ਬੱਚੇ ਦੇ ਸੁਪਨੇ ਨੂੰ ਜ਼ਿੰਦਾ ਰੱਖਣ ਲਈ ਜਾਇਦਾਦ ਵੇਚ ਦਿੱਤੀ, ਭਾਰੀ ਉਧਾਰ ਲਏ, ਜਾਂ ਪਰਿਵਾਰਕ ਖਰਚਿਆਂ ਨੂੰ ਘਟਾ ਦਿੱਤਾ। ਦੂਸਰੇ ਕਰਜ਼ੇ ਦੀਆਂ ਕਿਸ਼ਤਾਂ ਚੁਕਾਉਣ ਲਈ ਪੜ੍ਹਾਈ ਕਰਦੇ ਹੋਏ ਹਸਪਤਾਲਾਂ ਵਿੱਚ ਪਾਰਟ-ਟਾਈਮ ਕੰਮ ਕਰਦੇ ਸਨ। ਗ੍ਰੈਜੂਏਸ਼ਨ ਤੋਂ ਬਾਅਦ ਦਬਾਅ ਨਹੀਂ ਰੁਕਦਾ, ਇਹ ਅਕਸਰ ਉਨ੍ਹਾਂ ਦੇ ਬਾਕੀ ਕਰੀਅਰ ਨੂੰ ਆਕਾਰ ਦਿੰਦਾ ਹੈ। ਕੀ ਘੱਟ ਅਮੀਰ ਵਿਦਿਆਰਥੀਆਂ ਨੂੰ ਡਾਕਟਰੀ ਸਿੱਖਿਆ ਤੋਂ ਬਾਹਰ ਰੱਖਿਆ ਜਾ ਰਿਹਾ ਹੈ? ਡਾ: ਅੰਕੁਸ਼ ਗਰਗ ਨੇ ਕਿਹਾ ਕਿ ਅੱਜ ਦੇ ਮੈਡੀਕਲ ਕਲਾਸਰੂਮ ਅਮੀਰ ਪਰਿਵਾਰਾਂ ਦੇ ਵਿਦਿਆਰਥੀਆਂ ਨਾਲ ਭਰੇ ਹੋਏ ਹਨ। ਪਹਿਲਾਂ, ਸਮਾਜ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਹੁੰਦੀ ਸੀ। ਹੁਣ, ਮੈਂ ਬਹੁਤ ਸਾਰੇ ਵਿਦਿਆਰਥੀਆਂ ਨੂੰ ਵਿੱਤੀ ਤੌਰ 'ਤੇ ਖੁਸ਼ਹਾਲ ਪਿਛੋਕੜ ਤੋਂ ਆਉਂਦੇ ਦੇਖਦਾ ਹਾਂ,÷ ਉਸਨੇ ਕਿਹਾ। ਉਸਨੇ ਚੇਤਾਵਨੀ ਦਿੱਤੀ ਕਿ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਵਿਦਿਆਰਥੀ ਅਕਸਰ ਮੈਟਰੋ ਸ਼ਹਿਰਾਂ ਵਿੱਚ ਫੀਸਾਂ ਅਤੇ ਰਹਿਣ-ਸਹਿਣ ਦੇ ਖਰਚੇ ਦੋਵਾਂ ਨਾਲ ਜੂਝਦੇ ਹਨ ਜਿੱਥੇ ਜ਼ਿਆਦਾਤਰ ਮੈਡੀਕਲ ਕਾਲਜ ਸਥਿਤ ਹਨ। ÷ਇਹ ਵਿੱਤੀ ਰੁਕਾਵਟ ਚੁੱਪ-ਚਾਪ ਇਸ ਨੂੰ ਘਟਾ ਰਹੀ ਹੈ ਕਿ ਚਿੱਟਾ ਕੋਟ ਕੌਣ ਪਹਿਨ ਸਕਦਾ ਹੈ,÷ ਉਸਨੇ ਕਿਹਾ। ਕੀ ਹੁਣ ਵਿਆਜ ਨਾਲੋਂ ਆਮਦਨ ਲਈ ਮੁਹਾਰਤਾਂ ਨੂੰ ਚੁਣਿਆ ਜਾਂਦਾ ਹੈ? ਦੁੱਖ ਦੀ ਗੱਲ ਹੈ, ਹਾਂ। ਵਿਜੇ ਗਰਗ ਨੇ ਦੱਸਿਆ ਕਿ ਵਿੱਤੀ ਬੋਝ ਨੌਜਵਾਨ ਡਾਕਟਰਾਂ ਨੂੰ ਉੱਚ-ਤਨਖਾਹ ਵਾਲੀਆਂ ਵਿਸ਼ੇਸ਼ਤਾਵਾਂ ਵੱਲ ਧੱਕਦਾ ਹੈ, ਜ਼ਰੂਰੀ ਨਹੀਂ ਕਿ ਉਨ੍ਹਾਂ ਦਾ ਜਨੂੰਨ ਹੋਵੇ। ਸਮਾਜਿਕ ਦਵਾਈ, ਪੇਂਡੂ ਸੇਵਾ, ਪਰਿਵਾਰਕ ਸਿਹਤ, ਅਤੇ ਹੋਰ ਅਜਿਹੀਆਂ ਸੇਵਾਵਾਂ ਅਕਸਰ ਪਾਸੇ ਕਰ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਉਹ ਭਾਰੀ ਸਿੱਖਿਆ ਕਰਜ਼ਿਆਂ ਨੂੰ ਕਵਰ ਕਰਨ ਲਈ ਕਾਫ਼ੀ ਭੁਗਤਾਨ ਨਹੀਂ ਕਰਦੀਆਂ, ਡਾ. ਅੰਕੁਸ਼ ਗਰਗ ਸਹਿਮਤ ਹੋਏ। ਉਨ੍ਹਾਂ ਨੇ ਕਿਹਾ ਕਿ ਬਹੁਤ ਸਾਰੇ ਡਾਕਟਰ ਮੈਟਰੋ ਸ਼ਹਿਰਾਂ ਦੇ ਪ੍ਰਾਈਵੇਟ ਹਸਪਤਾਲਾਂ ਵੱਲ ਖਿੱਚੇ ਜਾਂਦੇ ਹਨ, ਖਾਸ ਕਰਕੇ ਡੀਐਮ (ਡਾਕਟੋਰੇਟ ਆਫ਼ ਮੈਡੀਸਨ) ਅਤੇ ਐਮਸੀਐਚ ਵਰਗੀਆਂ ਸੁਪਰ-ਸਪੈਸ਼ਲਾਈਜ਼ੇਸ਼ਨਾਂ ਕਰਨ ਤੋਂ ਬਾਅਦ, ਕਿਉਂਕਿ ਇਹੀ ਉਹ ਥਾਂ ਹੈ ਜਿੱਥੇ ਪੈਸਾ ਹੈ। ਛੋਟੇ ਸ਼ਹਿਰਾਂ ਅਤੇ ਪੇਂਡੂ ਖੇਤਰਾਂ ਨੂੰ ਅਜੇ ਵੀ ਸਹੂਲਤਾਂ ਦੀ ਘਾਟ ਹੈ। ਕੀ ਮੌਜੂਦਾ ਵਿੱਤੀ ਸਹਾਇਤਾ ਡਾਕਟਰੀ ਉਮੀਦਵਾਰਾਂ ਦੀ ਸਹਾਇਤਾ ਲਈ ਕਾਫ਼ੀ ਹੈ? ਦੋਵਾਂ ਡਾਕਟਰਾਂ ਨੇ ਕਿਹਾ: ਅਸਲ ਵਿੱਚ ਨਹੀਂ। ਭਾਵੇਂ ਸਕਾਲਰਸ਼ਿਪ ਅਤੇ ਸਿੱਖਿਆ ਕਰਜ਼ੇ ਮੌਜੂਦ ਹਨ, ਪਰ ਉਹਨਾਂ ਤੱਕ ਪਹੁੰਚਣਾ ਅਕਸਰ ਮੁਸ਼ਕਲ ਹੁੰਦਾ ਹੈ ਜਾਂ ਇਹਨਾਂ ਵਿੱਚ ਭਾਰੀ ਵਿਆਜ ਦਰਾਂ ਅਤੇ ਮੁੜ-ਭੁਗਤਾਨ ਦੀਆਂ ਸਖ਼ਤ ਸਮਾਂ-ਸੀਮਾਵਾਂ ਸ਼ਾਮਲ ਹੁੰਦੀਆਂ ਹਨ। ਗਰਗ ਨੇ ਜ਼ੋਰ ਦੇ ਕੇ ਕਿਹਾ ਕਿ ਘੱਟ ਵਿਆਜ ਜਾਂ ਵਿਆਜ-ਮੁਕਤ ਸਿੱਖਿਆ ਕਰਜ਼ੇ ਬਹੁਤ ਮਹੱਤਵਪੂਰਨ ਹਨ, ਖਾਸ ਕਰਕੇ ਘੱਟ ਸਮਾਜਿਕ-ਆਰਥਿਕ ਪਿਛੋਕੜ ਵਾਲੇ ਵਿਦਿਆਰਥੀਆਂ ਲਈ। ਦੋਵਾਂ ਡਾਕਟਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਨੀਤੀਗਤ ਸੁਧਾਰਾਂ ਤੋਂ ਬਿਨਾਂ, ਹੁਸ਼ਿਆਰ ਵਿਦਿਆਰਥੀਆਂ ਨੂੰ ਪੇਸ਼ੇ ਤੋਂ ਬਾਹਰ ਰੱਖਿਆ ਜਾ ਸਕਦਾ ਹੈ, ਅਤੇ ਭਾਰਤ ਆਪਣੀ ਅਗਲੀ ਪੀੜ੍ਹੀ ਦੇ ਹੁਨਰਮੰਦ, ਜੋਸ਼ੀਲੇ ਡਾਕਟਰਾਂ ਨੂੰ ਗੁਆਉਣ ਦਾ ਜੋਖਮ ਲੈਂਦਾ ਹੈ।





**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ**